੧.

੧ ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

## ਨਾਮਧਾਰੀ ਇਤਿਹਾਸਕ

# ਕਾਵਿ ਸੰਗ੍ਰਹਿ

ਤਰਨ ਸਿੰਘ 'ਵਹਿਮੀ'

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

੧ ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

## ਨਾਮਧਾਰੀ ਇਤਿਹਾਸਕ

# ਕਾਵਿ ਸੰਗ੍ਰਹਿ

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ:..............
ਅਲਮਾਰੀ ..............
ਸ੍ਰੀ ਭੈਣੀ ਸਾਹਿਬ

ਤਰਨ ਸਿੰਘ ਵਹਿਮੀ

॥

Sri Satguru Jagjit Singh Ji Elibrary NamdhariElibrary@gmail.com

# ਸਮਰਪਣ

ਸੰਤ ਨਿਧਾਨ ਸਿੰਘ ਜੀ (ਆਲਿਮ) ਸੰਤ ਇੰਦ੍ਰ ਸਿੰਘ ਜੀ
(ਚਕਰਵਰਤੀ) ਜੀ ਨੂੰ ਜਿਨ੍ਹਾਂ ਨੇ ਬਹੁਤ ਹੀ
ਨਾਮਧਾਰੀਆਂ ਨੂੰ ਇਤਹਾਸਕ ਲਿਖਤਾਂ ਤੇ
ਲਗਨ ਦਿਤੀ ਏ।
ਤੇ ਏਨਾਂ ਇਤਿਹਾਸਕ ਕਾਵਿ ਲਿਖਣ ਵਾਲੇ ਕਵੀਆਂ ਨੂੰ

Sri Satguru Jagjit Singh Ji Elibrary NamdhariElibrary@gmail.com

ਲੇਖਕ ਦੇ ਸਭ ਹੱਕ ਰਾਖਵੇਂ ਹਨ।

– ਪ੍ਰਕਾਸ਼ਕ –

ਸਾਧੂ ਸਿੰਘ (ਕਿਸਾਨ) ਤੇ ਗੁਰਦੇਵ ਸਿੰਘ (ਦੇਵ)

* ਡਾਕਖਾਨਾ ਅੰਮ੍ਰਿਤਸਰ ਵਡਾ *

→ ਜ਼ਿਲਾ ਹਿਸਾਰ ←

ਪਹਿਲੀ ਵਾਰ ੫੦੦,

ਕੀਮਤ ੧]

ਕਤਕ ੨੦੨੨ ਬਿ: ਨਵੰਬਰ ੧੯੬੫

– ਮਿਲਣ ਦਾ ਪਤਾ –

ਮੈਨੇਜਰ ਸਤਿਜੁਗ ਸ੍ਰੀ ਜੀਵਨ ਨਗਰ ਜ਼ਿਲਾ [ਹਿਸਾਰ]

ਨਵਾਂ ਹਿੰਦੁਸਤਾਨ ਨਵੀਂ ਦਿਲੀ ਪਹਾੜ ਗੰਜ ੧੬੮੧

ਤੇ ਹਰ ਨਾਮਧਾਰੀ ਹੋਲੇ ਮੇਲੇ ਤੋਂ ਏਨਾਂ ਹੀ ਦਫਤ੍ਰਾਂ ਵਿਚੋਂ

ਤਰਨ ਸਿੰਘ ਪਿੰਡ ਸ੍ਰੀ ਰਾਮ ਪੁਰ

ਡਾਕਖਾਨਾ ਅੰਮ੍ਰਿਤਸਰ ਵਡਾ, ਜ਼ਿਲਾ [ਹਿਸਾਰ]

Sri Satguru Jagjit Singh Ji Elibrary NamdhariElibrary@gmail.com

## ਏਸੇ ਲੇਖਕ ਦੀਆਂ

# ਹੋਰ ਪੁਸਤਕਾਂ

| | |
|---|---|
| ਪੰਜ ਨਿਰਨੇ | ੦-੫੦ ਨ. ਪੈ. |
| ਸੋਰਠ ਬੀਜਾ ਤੇ ਪ੍ਰੇਮ ਕਥਾਵਾਂ | ੦-੫੦ ਨ. ਪੈ. |
| ਗੁਰ ਪ੍ਰਕਾਸ਼ ਗੁਰ ਬੰਸਾਵਲੀ | ੦-੨੫ ਨ. ਪੈ. |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜੋਂ ਬਾਦ ਦਾ ਜੀਵਨ | ੧-੫੦ ਨ. ਪੈ. |
| ਸਾਫ ਪਾਣੀ | ੦-੨੦ ਨ. ਪੈ. |
| ਸਚਹੁ ਓਰੈ ਸਭ ਕੋ | ੧-੫੦ ਨ. ਪੈ. |

ਮਿਲਣ ਦਾ ਪਤਾ :-

ਤਰਨ ਸਿੰਘ (ਵਹਿਮੀ)

ਡਾਕਖਾਨਾ ਅਮਰਾਵੱਡਾ,

ਜ਼ਿਲਾ ਹਿਸਾਰ. (ਪੰਜਾਬ)

Sri Satguru Jagjit Singh Ji Elibrary NamdhariElibrary@gmail.com

੧ ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਜੈਸੇ ਸਤਿ ਗੁਰ ਉਡੁਪ ਬਿਨ ਭਏ ਝਨਾਂਉਂ ਪਾਰ ।
ਤੈਸੇ ਪੜ ਸੁਣ ਯਹਿ ਕਥਾ ਤਰੇ ਜਲਧ ਸੰਸਾਰ ।
[ਸੰਤ ਬਾਬਾ ਸੰਤੋਖ ਸਿੰਘ ਜੀ]

ਬਿਨ ਇਤਿਹਾਸ ਹੈ ਬੋਲਨਾਂ ਢੋਲ ਕੇ ਪੋਲ ਸਮਾਨ ।
ਢਕਾ ਬਜੇ ਬਡ ਸਜੇ ਜੋ ਖੁਲਾ ਸੋ ਰੂਪ ਹੋਏ ਹਾਨ ।
ਇਤਿਹਾਸ ਹੀ ਰਾਸ ਏ ਇਤਿਹਾਸ ਹੀ ਪ੍ਰਕਾਸ ਏ ।
ਹੈ ਇਤਿਹਾਸ ਨਾਂ ਤਾਂ ਕੀ ਇਹਦੇ ਪਾਸ ਏ ।
[ਤਰਨ ਸਿੰਘ]

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ:
ਮਿਤੀ
ਭੈਣੀ ਸਾਹਿਬ



ਤਰਨ ਸਿੰਘ

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ-ਇਤਹਾਸਕ

# ਕਾਵਿ ਸੰਗ੍ਰਹਿ

ਸ੍ਰੀ ਮਾਨ ਸੰਤ ਤਰਨ ਸਿੰਘ ਜੀ ਵਹਿਮੀ ਰਾਮਪੁਰ ਤਸੀਲ ਸਰਸਾ ਜ਼ਿਲਾ ਹਿਸਾਰ ਵਾਲੇ ਨਾਮਧਾਰੀ ਸਾਹਿਤ ਨਾਲ ਪਿਆਰ ਰਖਨ ਵਾਲੇ ਉਤਸ਼ਾਹੀ ਸਜਨਾਂ ਵਿਚੋਂ ਇਕ ਖਾਸ ਮਹਾਨਤਾ ਰਖਦੇ ਹਨ। ਆਪ ਦੇ ਅੰਦਰ ਇਤਿਹਾਸਕ ਖੋਜ ਕਰਨ ਦੀ ਅਣਥਕ ਲਗਨ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਕਾਰਨਾਮਿਆਂ ਦਾ ਜਿੰਨਾ ਕੂ ਆਪ ਦੇ ਪਾਸ ਲਿਖਤੀ ਭੰਡਾਰਾ ਮੌਜੂਦ ਹੈ ਉਤਨਾ ਹੋਰ ਕਿਸੇ ਪਾਸ ਸ਼ਾਇਦ ਹੀ ਹੋਵੇ ਜਿਥੇ ਆਪ ਨੇ ਅਜ ਤਕ ਅਧੀ ਦਰਜਨ ਤੋਂ ਵਧ ਧਾਰਮਕ ਸਮਾਜਕ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ ਓਥੇ ਅਜੇ ਆਪ ਜੀ ਦੇ ਪਾਸ ਬਹੁਤ ਸਾਰੀਆਂ ਪੁਸਤਕਾਂ ਦੇ ਖਰੜੇ ਬਣੇ ਹੋਏ ਮੌਜੂਦ ਹਨ।

ਆਪ ਉਨ੍ਹਾਂ ਸਾਰੇ ਇਤਹਾਸਕ ਲਿਖਾਰੀਆਂ ਦੇ ਕਦਰ ਦਾਨ ਹਨ ਜਿਨਾਂ ਨੇ ਸਮੇਂ ਸਮੇਂ ਨਾਮਧਾਰੀ ਪੰਥ ਦੇ ਇਤਹਾਸ ਸਬੰਧੀ ਆਪੋ ਅਪਣੇ ਖਿਆਲ ਪ੍ਰਗਟ ਕੀਤੇ ਹੋਏ ਹਨ।

ਨਾਮਧਾਰੀ ਇਤਹਾਸਕ ਕਾਵ ਸੰਗ੍ਰੈਹਿ ਪੁਸਤਕ ਵਿਚ ਆਪ ਨੇ ਜਿਥੇ ਅਪਣੀ ਰਚਨਾ (ਕਵਿਤਾ) ਦੁਆਰਾ ਕਈ ਇਤਹਾਸਤਕ ਝਾਂਕੀਆਂ ਲਿਖੀਆਂ ਹਨ, ਉਥੇ ਆਪ ਨੇ ਉਨਾਂ



Sri Satguru Jagjit Singh Ji Elibrary NamdhariElibrary@gmail.com

ਬਹੁਤ ਸਜੋਗ ਕਵੀਆਂ ਦੀਆਂ ਇਤਹਾਸਕ ਰਚਨਾਵਾ ਨੂੰ ਭੀ ਇਸ ਪੁਸਤਕ ਵਿਚ ਯੋਗ ਥਾਵਾਂ ਤੇ ਅੰਕਿਤ ਕੀਤਾ ਹੈ ਇਸਦਾ ਮਤਲਬ ਉਨਾਂ ਦੇ ਅੰਦਰ ਸਮਕਾਲੀ ਕਵੀਆਂ ਲਿਖਾਰੀਆਂ ਦੇ ਉਦੇਸ਼ਾਂ ਨੂੰ ਆਪਨੀ ਰਚਨਾ ਵਿਚ ਅਮਰ ਰਖਣਾ ਹੈ।

ਆਪ ਦੇ ਸਾਮਣੇ ਇਸ ਕਾਵ ਸੰਗ੍ਰਹਿ ਕਰਨ ਦਾ ਕਾਰਨ ਕੇਵਲ ਨਾਮਧਾਰੀ ਇਤਹਾਸ ਦੇ ਪ੍ਰਚਾਰ ਹਿਤ ਵਖ ਵਖ ਥਾਵਾਂ ਤੇ ਪ੍ਰਕਾਸ਼ਤ ਹੋ ਚੁਕੇ ਪ੍ਰਸੰਗਾਂ ਨੂੰ ਇਕ ਵਿਸ਼ੇਸ਼ ਪੁਸਤਕ ਵਿਕ ਇਕੱਠਾ ਕਰਨਾ ਹੈ।

ਇਸ ਪੁਸਤਕ ਦੇ ਪੜ੍ਹਨ ਨਾਲ ਨਾਮਧਾਰੀ ਜਥੇਦਾਰਾਂ, ਪ੍ਰਚਾਰਕਾਂ, ਨੌ ਜੁਆਨਾਂ, ਦੀ ਇਤਹਾਸਕ ਜਾਣਕਾਰੀ ਵਿਚ ਖਾਸ ਵਾਧਾ ਹੋਵੇਗਾ।

ਸ੍ਰੀ 'ਵਹਿਮੀ' ਜੀ ਦੇ ਅਜੇਹੇ ਪੁਰਸ਼ਾਰਥਾਂ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਥੋੜੀ ਹੈ।

ਆਤਮਾ ਸਿੰਘ
ਸਨਸਤਰਵੀ
ਅਹੀਆਪੁਰ (ਹੁਸ਼ਿਆਰਪੁਰ)



Sri Satguru Jagjit Singh Ji Elibrary NamdhariElibrary@gmail.com

(ਇਸ ਕਾਵਿ ਸੰਗ੍ਰਹਿ ਦੀ ਲੋੜ ਕਿਵੇਂ ਅਨੁਭਵ ਹੋਈ)

ਵੇਖ ਇਤਿਹਾਸ ਵਲ ਦਿਲ ਇਹ ਕਿਆਸ ਆਈ,
ਢਿਲੇ ਪਏ ਹਾਂ ਕਰਨ ਵਾਲੇ ਕੰਮ ਕਈ ਖਾਸ ਨੇ।
ਨਾਮਧਾਰੀ ਵਿਦਿਆ ਦੇ ਪੜਨ ਲਈ ਵਸੀਲੇ ਘੱਟ,
ਦਸਤਕਾਰੀ ਆਦ ਭੀ ਸਕੂਲ ਨ ਨਿਵਾਸ ਨੇ।
ਜਿੰਨਾਂ ਮਿਲੇ ਕੱਠਾ ਕਰਾਂ ਇਤਿਸਾਸ ਜਿਦ੍ਹੂ ਸਾਡੇ,
ਰਾਗੀ ਢਾਡੀ ਹੁੰਦੇ ਉਪਦੇਸ਼ਕ ਉਦਾਸ ਨੇ।
ਨਿਜੀ ਰਚੇ ਕਿਸੇ ਰਸ ਕਾਵਿ ਦੇ ਮਸਾਲੇ ਥੁੜੋਂ,
ਕਹਿਣੇ ਪੈਂਦੇ ਉਹਨਾਂ ਹੋਏ ਹੋਰ ਇਤਿਹਾਸ ਨੇ।
ਕਰਨ ਲਈ ਥੁੜ ਪੂਰੀ ਜਾਣ ਇਹ ਜਰੂਰੀ ਕੰਮ,
ਵਹਿਮੀ ਨਾਮ ਪਾਇਆ ਮੇਰਾ ਏਸੇ ਅਭਿਆਸ ਨੇ।
ਫੜਾਂ ਜਦੋਂ ਕਲਮ ਨੂੰ ਲਿਖ ਧਰਾਂ ਬਾਕੀ ਬਿਕ,
ਬਾਕੀ ਜੋ ਸਲਾਹ ਪੁਛੀ ਮੈਥੋਂ ਆਏ ਪਾਸ ਨੇ।
ਓਸਨੂੰ ਭੀ ਇਹੋ ਕਿਹਾ ਲਿਖ ਉਹਨਾਂ ਅੱਖਰਾਂ ਨੂੰ,
ਲੋਗ ਪ੍ਰਵਾਨ ਸਦਾ ਜੋਗ ਜੋ ਸਾਬਾਸ ਨੇ।



Sri Satguru Jagjit Singh Ji Elibrary NamdhariElibrary@gmail.com

ਇਤਿਹਾਸ ਖਾਸ ਚੀਜ ਲਾਲ ਅਨਮੁਲੇ ਤਰ੍ਹਾਂ,
ਖਾਲੀ ਜੋ ਖਿਆਲ ਵਾਂਗੂੰ ਕੱਚ ਦੇ ਗਲਾਸ ਨੇ।
ਧੰਨਵਾਂਦੀ ਉਹਨਾਂ ਦਾ ਇਹ ਰਖਿਆ ਹੈ ਯਾਦ ਜਿਨ੍ਹਾਂ,
ਆਪਣਾ ਫਰਜ਼ ਪੂਰੀ ਕੀਤੀ ਮੇਰੀ ਆਸ ਨੇ।
ਧੰਨ ਕਵੀ ਮੰਨਾਂ ਉਹਲੇ ਹੋਈਆਂ ਰੂਹਾਂ ਉਚੀਆਂ ਦੇ,
ਹੂ ਬਹੂ ਸੁਣਾਂਦੇ ਜੋੜੇ ਬੋਲਦੇ ਬਿਲਾਸ ਨੇ।
ਧੰਨ ਪਾਠੀ–ਸੁਣਨਹਾਰ, ਠੋਕਰ ਸਹਾਰ ਭੁਲ,
ਫਲ ਦਾਰ ਰੁਖ ਤਰ੍ਹਾਂ ਦੇਂਵਦੇ ਮਿਠਾਸ ਨੇ।
ਵਹਿਮੀ ਸੁਤੇ ਖਾਕ ਉਤੇ ਚਾਂਦਨੀ ਤੇ ਰਸ ਦੇਣ,
ਭਾਵੇਂ ਆਪ ਚੰਦ ਹੋਰੀ ਵੱਸਦੇ ਆਕਾਸ ਨੇ।



Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਸਤਿਗੁਰੂ ਰਾਮ ਸਿੰਘ ਜੀ ਦਾ ਦੌਰਾ ਤੇ ਉਪਦੇਸ਼

ਸ੍ਰੀ ਦਸਮੇਸ਼ ਬਾਦ ਸਾਡੇ ਇਸ ਦੇਸ ਵਿਚ,
ਰਾਮ ਮ੍ਰਿਗੇਸ਼ ਗੁਰ ਆਏ ਸਮਾਂ ਜਾਗਿਆ।

ਗ੍ਰੰਥ ਗੁਰਹੱਟ ਲੋਕਾਂ ਵਿਥਾਂ ਵਿਚ ਸੱਟ ਦਿਤੇ,
ਓਥੋਂ ਕੱਢ ਚੁੰਮ ਚੱਟ ਗੁਰਾਂ ਦਿਤੀ ਆਗਿਆ।

ਬਾਣੀ ਨਿਰੰਕਾਰ ਜੀ ਦੀ ਤੁਸਾਂ ਨ ਵਿਚਾਰ ਕੀਤੀ,
ਕੀਤਾ ਪ੍ਰਚਾਰ ਇਹ ਸੰਸਾਰ ਸੇਵਾ ਲਾ ਗਿਆ।

ਸਾਦਗੀ ਸ੍ਵਦੇਸੀ ਗੁਰਮੱਤ ਸਤ ਪ੍ਰਚਾਰੀ,
ਤਾਂਹਿ ਕਰ ਨਮੋਂ ਨਿਤ ਖਾਲਸਾ ਸੁਭਾ ਗਿਆ।

ਕਾਢ ਕੁਥਾਂਉ ਗੁਰਾਂ ਸਮਾਲੇ।
ਝਾੜ ਸਿਉਕਾਂ ਲਾਹੇ ਜਾਲੇ।
ਗ੍ਰੰਥ ਸਾਹਿਬ ਜੀ) ਇਕ ਇਕ ਅੰਗ ਸੰਗ ਦਸਤਾਰੇ।
ਆਪ ਕਰੀਂ ਸਤਿਗੁਰੂ ਸਵਾਰੇ ॥



Sri Satguru Jagjit Singh Ji Elibrary NamdhariElibrary@gmail.com

## ਦਇਆਬਾਨ ਦੂਸਰਾ ਨਹੀ ਚੀਨੀ ਅਸਵਾਰਜਿਹਾ

ਨੀਤੀ ਪਰਸ਼ੋਤਮ ਜਿਉ ਰਘਵੰਸ ਤਿਲਕ ਸਾਨਾਂ,
ਸੁਲਹ ਕੁਲ ਨਿਰਪਖ ਨਾਨਕ ਨਿਰੰਕਾਰ ਜਿਹਾ।

ਦਾਸ ਸਤਿਬਚਨੀ ਜਿਉਂ ਦੂਜੇ ਗੁਰਦੇਵ ਸਾਨਾਂ,
ਬਾਣੀ ਪ੍ਰਚਾਰਕ ਨ ਪੰਚਮ ਦਇਆਰ ਜਿਹਾ।

ਸਾਬਰ ਗੁਰ ਤੇਗ ਬਹਾਦਰ ਸਾ ਸੂਰਾ ਪੂਰਾ,
ਬਲੀ ਬੋਲ ਬਾਣ ਦਾ ਨਾਂ ਦਸਮ ਅਵਿਤਾਰ ਜਿਹਾ।

ਨਾਨਕ ਨਾਮ ਕਲਾ* ਭਲਾ ਸਰਬੱਤ ਕਹਿਆ,
ਦਇਆ ਵਾਨ ਦੂਸਰਾ ਨਹੀਂ ਚੀਨੀ ਅਸਵਾਰ ਜਿਹਾ।

---

*ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬੱਤ ਦਾ ਭਲਾ। ਇਹ ਵਾਕ ਸਤਿਗੁਰੂ ਰਾਮ ਸਿੰਘ ਜੀ ਦਾ ਏ। ਇਹ ਗੁਰਮਰਯਾਦਾ ਅਨੰਦ ਤੇ ਮਾਈਆਂ ਨੂੰ ਕਛਹਿਰੇ ਪਵਾਣ ਦੀ ਤਰਾਂ ਸਭ ਗੁਰ ਨਾਨਕ ਨਾਮ ਲੇਵਾਂ ਨੇ ਮੰਨਿਆਂ ਤੇ ਪ੍ਰਚਾਰਿਆ ਤੇ ਪੜ੍ਹਿਆ ਤੇ ਛਾਪੀਂ ਚੜ੍ਹਿਆ।

ਮੈਂ ਸਤਿਗੁਰੂ ਪਰਤਾਪ ਸਿੰਘ ਜੀ ਪਾਸੋਂ ਸੁਣ ਸਤਿਜੁਗ ਤੇ ੧੧ ਅਸੂ ੧੯੯੭ ਤੋਂ ਲੈ ਹੁਣ ਤਕ ਕਈ ਵਾਰ ਲਿਖਿਆ ਹੈ ਤੇ ਸਭ ਨੇ ਮੰਨਿਆਂ ਹੈ।



Sri Satguru Jagjit Singh Ji Elibrary NamdhariElibrary@gmail.com

## ਬਸੰਤ ਦਾ

ਸ਼ਿਵਜੀ ਜਿਉਂ ਹਾਥ ਜੋੜ ਮਾਥ ਕੋ ਨਿਵਾਏ ਪਹਿਲੇ,
ਪੂਜਿਆ ਥਾ ਆਂਨਾਂ ਐ ਠਿਕਨਾਂ ਸੁਭ ਸੰਤ ਦਾ।
ਬਾਲਮੀਕ ਬਹੁਤ ਠੀਕ ਪਹਿਲੇ ਲਿਖ ਠੀਕ ਪਤਾ,
ਪੂਜਿਆ ਜਿਉਂ ਰੋਜ ਅਵਤਾਰ ਭਗਵੰਤ ਦਾ।
ਜਿਵੇਂ ਸੁਕਦੇਵ ਮੁਨੀ ਗੁਨੀਉਂ ਕੇ ਸਿਰਤਾਜ,
ਨਾਮ ਸਤਕਾਰਾ ਗੁਰਨਾਨਕ ਅਨੰਤ ਦਾ।
ਵਹਿਮੀਂ ਕਹੇ ਤੈਸੇ ਗੁਰ ਦਸਮ ਮਨਾਇਉ ਹੋਲਾ*,
ਸਭ ਗੁਰਾਂ ਜੱਸ ਗਾਇਆ ਪੁਰਬ ਬਸੰਤ† ਦਾ।
ਬਾਪ ਬਾਗ ਮੱਲ ਘਰ ਜੰਮਿਆਂ ਸਿਆਲ ਕੋਟ,
ਪੜਨੇ ਮਸੀਤ ਪਿਆ ਪਾਸ ਮੁਲਵਾਣੇ ਦੇ।
ਲੜਕੇ ਮੁਸਲਮਾਨ ਦੇਵੀ ਕੋ ਨਕਾਲੀ ਗਾਲ,
ਫ਼ਾਲੀ ਨ ਦੱਈ ਫਾਤਮਾਂ ਕੋ ਤਿਸ ਦੇ ਟਿਕਾਣੇ ਦੇ।
ਸਾਫ ਇਨਸਾਫ ਕੁਛ ਕਰਿਆ ਨ ਕਾਜ਼ੀ ਕਿਸੇ,
ਗੁਸੇ ਸੋਂ ਤਸੀਹੇ ਤਿਸੇ ਦੀਏ ਥਾਣੇ ਥਾਣੇ ਦੇ।
ਮਾਤ ਕੋਰਾਂ ਬਾਗਮੱਲ ਨਾਰ ਸੌਰੇ ਰੋਏ ਹਾਰੇ,
ਚਲਿਆ ਨ ਚਾਰਾ ਸਾਖ ਸਖਤੀ ਧਿਙਾਂਣੇ ਦੇ।
ਮਿਲਿਆ ਮਹੰਮਦ ਸ਼ਾਹ ਨੂੰ ਮੌਜਾਂ ਬਾਦ ਦਿੱਲੀ ਰਾਤ,
ਘਾਤ ਕੀਤਾ ਸੂਬਿਆਂ ਲਾਹੌਰ ਉਸ ਮੰਤ ਦਾ।

---

*ਪ੍ਰਕਾਸ਼ ਦਿਵਸ ਪਾਤਸਾਹੀ ੧੧ਵੀਂ । †ਪ੍ਰਕਾਸ਼ ਦਿਵਸ ਸਤਿਗੁਰੂ ਰਾਮ ਸਿੰਘ ਜੀ ਪਾ: ੧੨ਵੀਂ ।



Sri Satguru Jagjit Singh Ji Elibrary NamdhariElibrary@gmail.com

ਨਾਮ ਰਾਏ ਹਕੀਕਤ, ਹਕੀਕਤ ਸਵਾਰੀ ਠੀਕ,
ਸੋਹਣਾਂ ਰੋਜ ਮੱਲਿਆ ਸ਼ਹੀਦ ਨੇ ਬਸੰਤ ਦਾ।

*ਰਾਮ ਸਿੰਘ ਬੇਦੀ ਭੇਦੀ ਭਾਵੀ ਦੇ ਜਾਨੀ ਜਦ,
ਹਦੋਂ ਵਧ ਊਧਮ ਹਾਂ ਸਾਂਹਰੀ ਨੇ ਮਚਾਇਆ ਏ।
ਘਾਲ ਚਲੀ ਸ਼ਾਲ ਝਲੀ ਜਾਂਵਦੀ ਨ ਖਾਲਸੇ ਤੋਂ,
ਹੱਲਿਆ ਤੋਂ ਹੱਲੇ ਦਿਲ ਹੌਸਲਾਹੀ ਢਾਇਆ ਏ।
ਭੇਖ ਲਾਜ ਦੇਸ ਰਾਜ ਕਾਜ ਦੇ ਨਮਿਤ ਚਿਤੋਂ,
ਮਿਟ ਜਾਵਾਂ ਜਿਤ ਪਾਵਾਂ ਗੁਰਾਂ ਨੂੰ ਧਿਆਇਆ ਏ।
ਸੰਗ ਚੰਗੇ ਸੰਗੀਆਂ ਲੈ ਜੰਗ ਕਰ ਤੁਰਕਾਂ ਨੂੰ,
ਮਾਰ ਕੇ ਭਜਾਯਾ ਖ਼ੂਬ ਤੇਜ ਖੰਡਾ ਵਾਇਆ ਏ।
ਜਿਤ ਪਹਿਲੋਂ ਕਿਤਨਾਂ ਹੀ ਚਿਰ ਸਿਰ ਤਲੀ ਧਰ,
ਦੀਪ ਹਰੀ ਤਰ੍ਹਾਂ ਕਰ ਜੁਧ ਅਤਿਅੰਤ ਦਾ।
ਦੀਪ ਸਿੰਘ ਜਨਮ, ਰਾਏ ਹਕੀਕਤ ਸ਼ਹੀਦੀ ਤਰ੍ਹਾਂ,
(ਵਹਿਮੀਂ) ਜੋਧੀ ਜੋਧੇ ਰੋਜ ਮੱਲਿਆ ਬਸੰਤ ਦਾ।

ਸਮੇਂ ਦੀ ਅਨੀਤ ਸੀਤ ਸਾੜ ਕੇ ਪ੍ਰੀਤ ਪੱਤ,
ਪਤ ਪ੍ਰੀਤ ਰੀਤ ਰੇਤ ਜਾਂ ਰੁਲਾਈ ਸੀ।
ਦਿਸਦੀ ਨ ਕਿਤੇ ਪ੍ਰਫੁਲਤਾ ਪਰੇਮ ਕਾਰ,
ਇਲਤਾਂ ਉਜਾੜੇ ਦੀ ਹੀ ਸਾਰੇ ਖਿਜ਼ਾਂ ਛਾਈ ਸੀ।
ਥਾਈਂ ਹਰਔਲਾਂ ਵਾਲੀ ਹਾਲ ਹਾਲ ਹੋਂਵਦੀ ਸੀ,
ਪਈ ਹੋਈ ਹਰ ਪਾਸੇ ਹਾਲ ਹੀ ਦੁਹਾਈ ਸੀ।

---

*ਫਕੀਰ ਚੰਦ ਦੀ ਕੋਟਲੀ ਜਿਲਾ ਸਿਆਲਕੋਟ ਵਾਲੇ ਸ਼ਹੀਦ ਬੇਦੀ ਰਾਮ ਸਿੰਘ ਜੀ ਜਿਨਾਂ ਦੀ ਸਮਾਧ ਪੜੋਪੀਆਂ ਨਾਂਗਰਿਆਂ ਪਾਸਸੀ।



Sri Satguru Jagjit Singh Ji Elibrary NamdhariElibrary@gmail.com

ਪਾਲੀ ਦਸਮੇਸ ਪੈਲੀ ਪਾਣੀ ਪ੍ਰਵਾਰ ਪਾਏ,
ਖੋਰੂ ਕੱਢ ਖੋਤਿਆਂ ਸੋ ਖੋਹ ਮੈਂ ਮਿਲਾਈ ਸੀ।
ਵੇਖ ਕੇ ਅਨੀਤ ਏਤੀ ਹੋਤੀ ਖੇਤੀ ਖਾਲਸੇ ਦੇ,
ਸ੍ਰੀ ਦਸਮੇਸ ਫਿਰ ਭੇਸ ਭਗਵੰਤ ਦਾ।
ਧਾਰ ਆਏ ਚੀਨੀ ਅਸਵਾਰ ਹੋਏ ਅਨੀਤ ਟਾਰੀ,
ਭਾਰੀ ਜੱਸ ਜਗ ਮੈ ਫਲਾ ਦਇਓ ਬਸੰਤ ਦਾ।

---

੨੨ ਮਾਘ ੧੯੮੬ ਬਸੰਤ ਨੂੰ: ਸਤਿਜੁਗ ਸ੍ਰੀ ਭੈਣੀ ਸਾਹਿਬ ਤੇ ਛਪੀ।

ਵਲੋਂ—ਗਿਆਨੀ ਕਰਤਾਰ ਸਿੰਘ ਜੀ ਕਲਾਸ ਵਾਲੀਏ
ਹੈਡ ਗ੍ਰੰਥੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ

## (ਚੱਲਕੇ ਕੁਪੰਥ ਪੰਥ ਰਾਜ ਭਾਗ ਹਾਰਾ ਸੀ)

ਸਮੇਂ ਦੀ ਕੁਚਾਲ ਨੇ ਭੁਚਾਲ ਆਂਦਾ ਦੇਸ ਵਿਚ,
ਸਿੰਘ ਨ ਸੰਭਾਲ ਸਕੇ ਰਾਜ ਸਾਜ ਭਾਰਾ ਸੀ।
ਭਾਰਾ ਹੈ ਸੀ ਰੋਗ ਸੋਗ ਫੁਟ ਮਾਰੇ ਕੁਟ ਕੁਟ,
ਪੁਟ ਪੁਟ ਬਾਘ ਸਤਲੁਜ ਬੀਚ ਡਾਰਾ ਸੀ।
ਡਾਰਾ ਸੀ ਗਵਾਂਢੀਆ ਨੇ ਜਾਲ ਆ ਬਿਸਾਲ ਸਾਰੇ,
ਘਰ ਘਰ ਪੈਰ ਆ ਪਖੰਡ ਨੇ ਪਸਾਰਾ ਸੀ।



Sri Satguru Jagjit Singh Ji Elibrary NamdhariElibrary@gmail.com

ਸਾਰਾ ਸੀ ਕਰਤਾਰ ਸਿੰਘਾ ਕਿਸੇ ਭੀ ਨ ਕਾਜ ਕੋਈ,
ਚੱਲ ਕੇ ਕੁਪੰਥ ਪੰਥ ਰਾਜ ਭਾਗ ਹਾਰਾ ਸੀ।
ਹਾਰਾ ਸੀ ਨਸੀਬ ਜਦੋਂ ਖਾਲਸੇ ਨੇ ਆਲਸੇ ਹੋ,
ਮਨ ਮੱਤ ਚੰਦ੍ਰੀ ਕੂ ਪੇਚ ਆਏ ਡਾਰਾ ਸੀ।
ਡਾਰਾ ਸੀ ਪ੍ਰਤਾਪ ਆਪ ਚੌੜ ਕਰ ਰੌੜ ਬੀਚ,
ਪੰਥ ਗਾੜ੍ਹੀ ਨੀਂਦ ਸੁਤਾ ਜਾਗ ਨ ਸੰਭਾਰਾ ਸੀ।
ਭਾਰਾ ਸੀ ਬੇਸਾਰਾ ਪੰਥ ਗੁਰੂ ਗਰੰਥ ਬਾਣੀ ਭੁਲਾ,
ਛਡ ਗੁਰ ਰੀਤੀਆਂ ਕੁਰੀਤੀਆਂ ਨੂੰ ਧਾਰਾ ਸੀ।
ਚਾਰਾ ਸੀ ਨ ਕੋਈ ਤਦੋਂ ਦਿਸਦਾ ਕਰਤਾਰ ਸਿੰਘਾ,
ਡਾਂਵਾਂ ਡੋਲ ਹੋਏ ਰਿਹਾ ਬੇੜਾ ਬੇ ਸਹਾਰਾ ਸੀ।
ਕਲਾ ਵਰਤਾਈ ਮਹਾਰਾਜ ਨੇ ਜਗਾਈ ਜੋਤਿ,
ਭੈਣੀ ਪਿੰਡ ਬੀਚ ਭਇਓ ਭਾਂਨ ਉਜੀਆਰਾ ਸੀ।
ਪੂਰਨ ਪ੍ਰਤਾਪੀ ਨਾਮ ਜਾਪੀ ਥਾਪੀ ਸਿਖੀ ਸਾਖ,
ਸਿਦਕ ਭਰੋਸੇ ਤੋਸੇ ਬੋਲ ਤੋਲ ਭਾਰਾ ਸੀ।
ਭਾਰਾ ਸੀ ਜਮਾਲ ਤੇ ਕਮਾਲ ਦੀ ਤਾਸੀਰ ਭਾਰੀ,
ਨਾਮ ਦਾ ਬਜਾਇਆ ਸਾਰੇ ਜਗ ਤੇ ਨਗਾਰਾ ਸੀ।
ਗਾਰਾ ਸੀ ਕਰਤਾਰ ਸਿੰਘਾ ਬਾਬੇ ਰਾਮ ਸਿੰਘ ਜੀ ਨੇ,
ਕਾਮ ਕ੍ਰੋਧ ਲੋਭ ਮੋਹ ਦੁਸਟ ਹੰਕਾਰਾ ਸੀ।
ਟਾਰਾ ਸੀ ਕੁਚਾਲਾਂ ਤੇ ਖਿਆਲਾਂ ਭੈੜੇ ਗੰਦਿਆਂ ਨੂੰ,
ਬੰਦਿਆਂ ਨੂੰ ਗੁਰਸਿਖੀ ਰਾਸਤਾ ਦਿਖਾਰਾ ਸੀ।
ਪਿੰਡਾਂ ਵਿਚ ਚੱਕਰ ਲਗਾਇਕੇ ਵਧਾਈ ਸਿਖੀ,
ਤਿਖੀ ਚਾਲ ਨਾਲ ਮਨ ਮਤ ਤਾਈਂ ਗਾਰਾ ਸੀ।



Sri Satguru Jagjit Singh Ji Elibrary NamdhariElibrary@gmail.com

ਗਾਰਾ ਸੀ ਜੋ ਪਿੰਡਾਂ ਵਿਚ ਚੋਰੀ ਯਾਰੀ ਡਾਕਿਆਂ ਦਾ,
ਨਾਮ ਦੀ ਨਦੀ ਚਲਾਏ ਸਾਰਾ ਧੋਏ ਡਾਰਾ ਸੀ।

ਡਾਰਾ ਸੀ ਵਿਚਾਰ ਕਰਤਾਰ ਸਿੰਘਾ ਸਬਦਾਂ ਦਾ,
ਸੈਇਆਂ ਜੀਆਂ ਭੁਲਿਆਂ ਨੂੰ ਤੁਰਤ ਸੁਧਾਰਾ ਸੀ।

ਧਾਰਾ ਸੀ ਚਲਾਈ ਸੋਹਣੀ ਨਾਮ ਦੀ ਫੜਾਈ ਮਾਲਾ,
ਆਹਲਾ ਕਾਮ ਕੀਨਾਂ ਨਾਮ ਦੇਸ ਮੈ ਬਿਥਾਰਾ ਸੀ।

ਸੈਂਕੜੇ ਸਜਾਇ ਸਿੰਘ ਜਿਥੇ ਜਾਏ ਪੈਰ ਧਰੇ,
ਬੜੇ ਰੋਹਬ ਦਾਬ ਵਾਲਾ ਸੁੰਦਰ ਦੀਦਾਰਾਂ ਸੀ।

ਜਿਥੇ ਜਾਏ ਬਹਿੰਦੇ ਕਹਿੰਦੇ ਨਾਮ ਦੀ ਵਡਾਈ ਭਾਰੀ,
ਨਾਮ ਬਿਨਾਂ ਬਾਬੇ ਜੀ ਨੂੰ ਕੁਝ ਨ ਪਿਆਰਾ ਸੀ।

ਸਾਰਾ ਸੀ ਇਹ ਭੇਦ ਕਰਤਾਰ ਸਿੰਘ ਉਹਨਾਂ ਕਿਹਾ,
ਜਿੰਨ੍ਹਾਂ ਆਪ ਬਾਬੇ ਜੀ ਨੂੰ ਨੇਤ੍ਰੀਂ ਨਿਹਾਰਾ ਸੀ।



Sri Satguru Jagjit Singh Ji Elibrary NamdhariElibrary@gmail.com

੨੨ ਮਾਘ ੧੯੮੭ ਸਤਿਜੁਗ ਸ੍ਰੀ ਭੈਣੀ ਸਾਹਿਬ।
ਬਸੰਤ ਨੰਬਰ ਵਲੋਂ—ਗਿਆਨੀ ਕਰਤਾਰ ਸਿੰਘ ਜੀ
ਕਲਾਸ ਵਾਲੀਏ। ਇਤਿਹਾਸਕਾਰ। ਹਰਿਮੰਦਰ ਸਾਹਿਬ

## ਰਾਮ ਸਿੰਘ ਜੀ ਰਾਮ ਰਮਾਯਾ

ਚਾਲ ਸਮੇਂ ਦੀ ਟੇਢੀ ਚਲਦੀ,
ਰਹਿੰਦੀ ਨਹੀਂ ਸਦਾ ਇਕ ਸਾਰ।
ਕਦੇ ਛਾਉ ਤੇ ਕਦੇ ਧੁਪ ਹੋਏ,
ਗਰਮੀ ਸਰਦੀ ਰੁਤ ਅਨੁਸਾਰ।
ਰਹਿੰਦਾ ਰੰਗ ਨ ਇਕੋ ਜਿਹਾ,
ਕਰਕੇ ਡਿਠਾ ਖੂਬ ਵਿਚਾਰ।
ਸ੍ਰੀ ਕਲਗੀਧਰ ਪੰਥ ਸਜਾਯਾ,
ਸਭ ਮਜ਼ੂਬਾਂ ਦੇ ਸਿਰ ਸਰਦਾਰ।
ਧਰਮ ਰੱਖਯਾ ਮੁਲਕੀ ਸੇਵਾ,
ਪਾਪ ਦੂਰ ਕਰਨੇਂ ਦੀ ਕਾਰ।
ਸੌਂਪੀ ਸਿੰਘ ਸਜਾਏ ਸਜੀਲੇ,
ਧਾਂਕ ਪਈ ਸਾਰੇ ਸੰਸਾਰ।
ਨਾਮ ਦਾਨ ਇਸ਼ਨਾਨ ਦ੍ਰਿੜ੍ਹਤਾ,
ਪੰਥ ਤਾਈਂ ਭਰ ਦਏ ਭੰਡਾਰ।
ਦਸਮ ਪਿਤਾ ਦੀ ਸਿਖਿਆ ਉਪਰ,
ਚਲਦੇ ਰਹੇ ਸਿੰਘ ਬਲ ਭਾਰ।
ਤਦ ਤਕ ਰਹੀ ਪੰਥ ਦੀ ਦਿਨ ਦਿਨ,
ਚੜ੍ਹਦੀ ਕਲਾ ਨ ਆਈ ਹਾਰ।



Sri Satguru Jagjit Singh Ji Elibrary NamdhariElibrary@gmail.com

ਫਸਿਆ ਪੰਥ ਮਾਇਆ ਦੀ ਜਾਲੀਂ,
ਗੁਰ ਸਿਖਯਾ ਦੇ ਤਈਂ ਵਿਸਾਰ।
ਸਿਖ ਰਾਜ ਦਾ ਅੰਤ ਹੋ ਗਿਆ,
ਖੋਹ ਬੈਠੇ ਪ੍ਰਤਾਪ ਗਵਾਰ।
ਮਨ ਮਤ ਫੈਲੀ ਘਰ ਘਰ ਅੰਦਰ,
ਗੁਰ ਮਤ ਉਕਾ ਹੋਈ ਉਡਾਰ।
ਹਿੰਦੂ ਮੁਸਲਿਮ ਅਤੇ ਈਸਾਈ,
ਲਗੇ ਫਾਹੁਨ ਜਾਲ ਪਸਾਰ।
ਰਾਜ ਤੇਜ ਦਾ ਇਕ ਧਿਰ ਘਾਟਾ,
ਤਰਫ ਦੂਸਰੀ ਮਜ਼ਬੀ ਮਾਰ।
ਜਾਂਦਾ ਪੰਥ ਰਸਾਤਲ ਵੱਲੇ,
ਜੇਕਰ ਕੋਈ ਨ ਲੈਂਦਾ ਸਾਰ।
ਐਨ ਸਮੇਂ ਸਿਰ ਭੈਣੀ ਅੰਦਰ,
ਸੂਰਜ ਸਿਖੀ ਹੋ ਚਮਕਾਰ।
ਚਾਰੋਂ ਤਰਫ਼ ਫੈਲਾਈਆਂ ਰਿਸ਼ਮਾਂ,
ਲਗਾ ਦੂਰ ਹੋਣ ਅੰਧਕਾਰ।
ਬਰਖਾ ਹੋਣ ਨਾਮ ਦੀ ਲਗੀ,
ਹਰੀ ਭਰੀ ਦਿਸੀ ਗੁਲਜ਼ਾਰ।
ਰਾਮ ਸਿੰਘ ਜੀ ਰਾਮ ਰਮਾਯਾ,
ਫੈਲੀ ਚਰਚਾ ਦੇਸ ਮਝਾਰ।
ਸਾਧ ਸੰਤ ਖੁਸ਼ ਥਾਂ ਥਾਂ ਹੋਏ,
ਦੋਖੀ ਦੁਸ਼ਮਨ ਹੋਏ ਲਾਚਾਰ।



Sri Satguru Jagjit Singh Ji Elibrary NamdhariElibrary@gmail.com

ਦੇਸ ਪੰਜਾਬ ਵਿਚ ਕਰ ਦੌਰੇ,
ਲਹਿਰ ਚਲਾਈ ਨਾਮ ਅਪਾਰ।
ਚੋਰੀ ਡਾਕੇ ਠਾਕੇ ਕਰਨੋਂ,
ਕੀਤਾ ਫਿਰਕੇ ਦੇਸ ਸੁਧਾਰ।
ਲਹਿਰ ਅਜ਼ਾਦੀ ਦੀ ਕਰ ਜ਼ਿੰਦਾ,
ਸ੍ਵੈਦੇਸੀ ਦਾ ਕਰ ਪ੍ਰਚਾਰ।
ਕਾਂਯਾਂ ਪਲਟੀ ਵਿਚ ਦਿਨਾਂ ਦੇ,
ਗੁਰ ਮਤ ਫੈਲੀ ਘਰ ਘਰ ਬਾਰ।
ਬੇੜਾ ਪੰਥ ਬਚਾਇਆ ਬਾਬੇ,
ਡੁਬਣ ਦਿਤਾ ਨ ਮੰਝ ਧਾਰ।
ਐਸੇ ਸ਼ੁਭ ਗੁਣ ਕਹਿਣ ਅਨੇਕਾਂ,
ਕੀਤੇ ਜਿੰਨ੍ਹਾਂ ਹੈਣ ਦੀਦਾਰ।
ਵਰਨਨ ਕੀਤੇ ਜਾਣ ਨ ਸਾਰੇ,
ਬਾਬਾ ਜੀ ਦੇ ਸ਼ੁਭ ਉਪਕਾਰ।

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ.
ਅਲਮਾਰੀ
ਸ੍ਰੀ ਭੈਣੀ ਸਾਹਿਬ



Sri Satguru Jagjit Singh Ji Elibrary NamdhariElibrary@gmail.com

## "ਉਚਾਰਸੀ"

ਬਾਲਕ ਮ੍ਰਿਗਿੰਦ ਜੂ ਗੋਬਿੰਦ ਨਾਮ ਸਾਰ ਜਪ,
ਤਪਕਰ ਤੇਜ ਕੀਨੀ ਸਬਦ ਕਟਾਰ ਜਬ।
ਏਕ ਬੰਕੇ ਸੇਵਕ ਪੈ ਜੌਹਰ ਅਜਮਾਵਨੇ ਕੋ
ਸਬਦ ਕਟਾਰ ਕੇਰਾ ਕੀਨਾਂ ਉਨ ਵਾਰ ਤਬ।
ਲਾਗਤ ਸੋ ਲਬਾ ਲਬ ਲਬਾ ਲਬ ਕਹਿਣੇ ਲਗਾ,
ਕਬੀ ਖੂਬ ਕੂਦ ਕਹੇ ਅੰਬਰ ਖਲਾਰ ਫਬ।
ਬੈਠੋ ਗੁਰ ਬਾਲਕ ਸਿੰਘ, ਬੈਠੋ ਗੁਰੂ ਰਾਮ ਸਿੰਘ,
ਬਾਬਾ ਬੁਧ ਸਿੰਘ ਈਹਾਂ ਬੈਠੋ ਸਰਕਾਰ ਅਬ।
ਬਾਬਾ ਬਕਾਲੇ ਤਰ੍ਹਾਂ ਐਸੇ ਕਰ ਕਈ ਬਾਰ,
ਮਸਤ ਹੋ ਹੁਬ ਬੰਕਾ ਕਰਦਾ ਜੁਹਾਰ ਸੀ।
ਤਰਨ ਸਿੰਘਾ ਪਹਿਲੋਂ ਜਾਹਰ ਚੀਨੀਂ ਅਸਵਾਰ ਗੁਰੋਂ
ਬਾਬਾ ਬੁਧ ਸਿੰਘ ਤ੍ਰੌਣ ਕਰਦਾ ਉਚਾਰ ਸੀ।
ਗੁਰੂ ਹਰੀ ਸਿੰਘ ਜੀ ਨੂੰ ਮੰਨਦੇ ਨਹੀਂ ਗੁਰੂ ਜੇੜ੍ਹੇ,
ਨੇੜ੍ਹੇ ਹੋ ਸੁਣਨ ਨਾਲ ਉਹਨਾਂ ਗਲ ਬਾਤ ਏ।
ਰੀਗਾ ਤੇ ਜੋ ਚੰਗਾ ਅਤਿ ਸਤਿਗੁਰਾਂ ਚੋਜ ਕੀਤਾ,
ਓਸ ਵਲ ਉਹਨਾਂ ਨੇ ਨ ਪਾਈ ਕਦੀ ਝਾਤ ਏ।
ਅਗ ਇਕ ਗੋਲੀ ਨੂੰ ਲਾ ਇਕ ਵਲੋਂ ਚੁਕੀ ਆਪ,
ਦੂਜੇ ਬੰਨੇ ਲਗ ਹਾਰੀ ਸਾਰੀ ਹੀ ਜਮਾਤ ਏ।
ਹਿਲੀ ਨਾਂ ਜਾਂ ਕਿਹਾ ਆਪ ਭਾਈ ਬੁਧ ਸਿੰਘ ਤਾਈਂ,
ਚੁਕ ਏਹ ਤਾਂ ਕੰਮ ਤੇਰਾ ਮੇਰਾ ਈ ਭਰਾਤ ਏ।
ਭਾਈ ਬੁਧ ਸਿੰਘ ਨੇ ਬੁਝਾਈ ਅਗ ਲਗ ਨਾਲ,



Sri Satguru Jagjit Singh Ji Elibrary NamdhariElibrary@gmail.com

ਝੁਕਕੇ ਵਗਾਈ ਗੋਲੀ ਗੰਗਾ ਵਿਚਕਾਰ ਸੀ।
ਗੋਲੀ ਨ ਸੀ ਉਹ ਤਾਂ ਜਾਣੋਂ ਕਾਰ ਗੁਰਆਈ ਦੀ ਸੀ,
ਜੇਹੜੀ ਪ੍ਰਦੇਸ ਜਾਣੋਂ ਪਹਿਲੇ ਗਏ ਓਚਾਰ ਸੀ।
ਰੰਗਤਾਂ ਦੇ ਸੋਮੇ ਸੋਹੇਂ ਸੰਗਤਾਂ ਦੇ ਏਕ ਸਮੇ,
ਨਵੇਂ ਸੋਹਣੇਂ ਆਪ ਜਹੇ ਪੁਸ਼ਾਕੇ ਨੂੰ ਪਹਿਨਾਏਕੇ।
ਅੰਦਰ ਲੰਗਰ ਪਾਸ ਭਾਈ ਬੁਧ ਸਿੰਘ ਤਾਈਂ,
ਭੈਣੀ ਸਾਹਿਬ ਸਾਥ ਉਤੇ ਆਸਣ ਬੈਠਾਏਕੇ।
ਉਪਮਾਂ ਅਨੂਪ ਜਿਹਾ ਆਪਣੇ ਸਰੂਪ ਦੇਕੇ,
ਨੇੜੇ ਖੜੇ ਸਾਧੂਆਂ ਨੂੰ ਆਖਿਆ ਸੁਨਾਏਕੇ।
ਵੇਖੋ ਦਸੋ ਮੇਰੇ ਤੇ ਹੈ ਇਹਦੇ ਚਿ ਫ਼ਰਕ ਕੋਈ,
ਹੋਈ ਵੇਖੀ ਕੱਹੀ ਜੋ ਭਵਿਖਤ ਲਖਾਏਕੇ।
ਬਾਬੇ ਦਰਬਾਰਾ ਸਿੰਘ ਹਥੀਂ ਜਾਂ ਹੁਕਮ ਨਾਮਾਂ,
ਆਇਆ ਜੋ ਰੰਗੂਨੋਂ ਲਿਆ ਸੰਗਤਾਂ ਨਿਹਾਰ ਸੀ।
ਬੁਧ ਸਿੰਘੋਂ ਹਰੀ ਸਿੰਘ ਹੋਇਆ ਹੁਣ ਨਾਮ ਇਹਨਾਂ,
ਸਤਿਗੁਰੂ ਰਾਮ ਸਿੰਘ ਕਰਿਆ ਉਚਾਰ ਸੀ।
ਸਾਥ ਗਏ ਸੂਬਿਆਂ ਤੇ ਸੰਤਾਂ ਮਹੰਤਾਂ ਨੇ,
ਅਰਜ ਗੁਜ਼ਾਰੀ ਭਾਰੀ ਕਾਰ ਗੁਰ ਦੁਆਰੇ ਦੀ।
ਕਾਰ ਗੁਰਦੁਆਰੇ ਦੀ ਸੰਭਾਰੇ ਹੁਣ ਪਿਛੋ ਕੌਣ,
ਰਖੇਗਾਂ ਆਬਾਦ ਸਿਖੀ ਸੂਰਤ ਸਹਾਰੇ ਦੀ।
ਸਹਾਰੇ ਦੀ ਦਲੀਲ ਨਾਲ ਸਭਨਾਂ ਤੋਂ ਪੁਛ ਆਪ,
ਕਿਹਾ ਇਹ ਹੈ ਕਾਰ ਉਸ ਬੁਧ ਸਿੰਘ ਪਿਆਰੇ ਦੀ।
ਪਿਆਰੇ ਦੀ ਪਿਆਰ ਭਰੀ ਪਤ੍ਰ ਰੰਗੂਨੋਂ ਆਈ,
ਬੁਧ ਸਿੰਘੋਂ ਹਰੀ ਸਿੰਘ ਗੁਰਤਾ ਇਸ਼ਾਰੇ ਦੀ।



Sri Satguru Jagjit Singh Ji Elibrary NamdhariElibrary@gmail.com

ਇਸ਼ਾਰੇ ਦੀ ਹਾਂ ਇਸ ਜਿਵੇਂ ਲਹਿਣਉਂ ਅੰਗਦ ਕੀਤਾ,
ਬੁਧ ਸਿੰਘੋਂ ਹਰੀ ਸਿੰਘ ਕੀਤਾ ਸੋਂਪਕਾਰ ਸੀ।
ਕਾਰਸੀ ਪਈ ਹਿਰ ਜਿੰਨਾਂ ਉਹਨਾਂ ਪਾਸੋਂ ਪੁਛੀਏ ਜੇ,
ਨੀਵੀਂ ਪਾਈ ਰਖਦੇ ਕਿਉਂ ਕਰਦੇ ਉਚਾਰ ਸੀ।
ਕਾਰ ਗੁਰਆਈ ਦੀ ਇਹ ਪੰਡ ਬੇਸ਼ੁਮਾਰ ਭਾਰੀ,
ਧਰ ਦਿਤੀ ਸਿਰ ਮੇਰੇ ਚੀਨੀ ਅਸਵਾਰ ਨੇ।
ਵਾਰਨੇ ਜਾਂ ਤਾਨ ਨ ਸੀ ਨਾਂਹ ਕਰ ਸਕਿਆ ਨਹੀ,
ਦਬ ਦਿਤੀ ਧੌਣ ਮੇਰੀ ਓਸ ਭਾਰੇ ਭਾਰ ਨੇ।
ਮੇਰੇ ਧਕੇ ਫਿਟਕੇ ਨੂੰ ਹਰੀ ਸਿੰਘ ਰਖ ਸਕੇ,
ਸੁਣ ਇਹ ਵਹੀਰ ਪਾਈ ਸੰਗਤ ਅਪਾਰ ਨੇਂ।
*ਫਤੇ ਸਿੰਘ ਧਾਰ ਆਇਆ ਹਥੀਂ ਜੋ ਪਿਉਣ ਦੁਧ,
ਅਗੋਂ ਮਿਲ, ਮੰਨਾਂ ਪੂਰੇ ਗੁਰੂ ਕਲਾ ਧਾਰ ਨੇਂ।
ਗੁਰੂ ਹਰੀ ਸਿੰਘ ਜੀ ਪਿਆਇਆ ਦੁਧ ਮਿਲਆਗੋਂ,
ਖੂਹ ਸਾਰਾ ਦੁਧ ਵੇਖ ਹੋਯਾ ਬਲਹਾਰ ਸੀ।
ਆਪ ਕਰਤਾਰ ਇਹੋ ਚੀਨੀ ਅਸਵਾਰ ਉਸ,
ਉਚੀ ਉਚੀ ਮਸਤ ਹੋ ਕਰਿਆ ਉਚਾਰ ਸੀ।
ਸੰਮਤ ਅਠਾਰਾਂ ਸੇ ਛੇਹਤ੍ਰ ਅਸੂ ਚਿ ਬੁਧ ਵਾਰ।
ਤੀਏ ਨਰਾਤੇ ਜੋਤ ਕੇ ਜਾਮੇਂ ਦਾ ਅਵਤਾਰ।
ਬੁਧ ਸਿੰਘ ਤੋਂ ਨਾਂ ਹਰੀ ਸਿੰਘ ਚੀਨੀ ਦੇ ਅਸਵਾਰ।
ਉਨੀ ਸੌ ਇਕਤੀਸ ਵਿਚ ਲਿਖ ਸਭ ਸੋਖੀ ਕਾਰ।
ਰਮਜ਼ ਸੈਨਤ ਨੂੰ ਸਮਝਦੇ ਆਕਲ ਤੇ ਇਰਾਕ।
ਵਾਕ ਨ ਜਿਸਦਾ ਮੰਨੀਏਂ ਨਾਬ ਉਹਦੇ ਕੀ ਸ਼ਾਕ।

---

*ਵਲ.ਟੋਹੇ ਵਾਲੇ ਲਾਸਾਨੀ ਪਹਿਲਵਾਨ।



Sri Satguru Jagjit Singh Ji Elibrary NamdhariElibrary@gmail.com

# ਪਾਪੀਆਂ ਦੇ ਤਾਰਨੇ ਨੂੰ ਗੁਰੂ ਰਾਮ ਸਿੰਘ ਜੱਗ ਵਿਚ ਆਇਆ

ਸਿਖਾਂ ਸ੍ਰੀ ਦਸਮੇਸ਼ ਦਾ ਜਦ ਸਬਕ ਭੁਲਾਇਆ ।
ਰਹਿਣੀਂ ਰਹਿਣਾਂ ਛੱਡਕੇ ਗੰਦ ਵਹਿਣ ਵਧਾਇਆ ।

ਆਪੋ ਵਿਚ ਹੀ ਲੱਜ ਲਾਹ ਰੱਜ ਖੂਨ ਵਗਾਇਆ ।
ਰਾਜ ਭਾਗ ਰਣਜੀਤ ਦਾ ਲਾ ਲੀਕ ਗਵਾਇਆ ।

ਅਣਖੀ ਦੇਸ ਅਜ਼ਾਦ ਨੂੰ ਪ੍ਰਾਧੀਨ ਬਨਾਇਆ ।
ਨਾਰੀ ਦਾ ਸੂਦਾਰਾਂ ਤੋਂ ਪਾਣੀ ਭਰਵਾਇਆ ।

ਪਰ ਸੀ ਸ੍ਰੀ ਦਸਮੇਸ਼ ਜੀ ਜੋ ਵਾਕ ਅਲਾਇਆ ।
ਖ਼ੇਤੀ ਮੇਰੀ ਖਾਲਸਾ ਫਿਰ ਕਰੋਂ ਸਹਾਇਆ ।

ਜੋਤਿ ਉਹਾ ਜੁਗਤਿਸਾਇ ਕਾਇਆਂ ਪਲਟਾਇਆ ।
ਸੂਰਜ ਬੰਸੀ ਸੋਢੀਉ ਬਾਢੀ ਸਦਵਾਇਆ ।
ਰਘੂ ਕੁਲ ਰਾਮੋਂ ਰਾਮ ਸਿੰਘ ਸਤਿਗੁਰੂ ਸੁਹਾਇਆ ।
ਉਨੀ ਸੌ ਚੌਦਾਂ ਬਿਕਰਮੀ ਉਹੋ ਦਿਨ ਅਪਨਾਇਆ ।

ਗੋਬਿੰਦਗੁਰੂ ਹਿੰਦਰਖਣ ਲਈ ਸਿੰਘ ਪੰਥ ਸਜਾਇਆ ।
'ਤਿਵੇਂ'ਰੀਤ ਰਖਨਲਈ ਖਾਲਸੇਦੀ ਰਾਮਸਿੰਘ ਕਹਾਇਆ ।

ਸੂਰਜ ਬੰਸ ਵੈਸਾਖੀਉਂ ਜਾਏ ਸਾਲ ਚੜ੍ਹਾਇਆ ।
ਦਸਮ ਦੁਆਦਸ ਸਤਿਗੁਰੂ ਪਰਤਾਪ ਜਨਾਇਆ ।



Sri Satguru Jagjit Singh Ji Elibrary NamdhariElibrary@gmail.com

*ਅਠਵੰਜਾ ਤੇ ਇਕ ਸੌ ਵਿਚ ਪਾੜਾ ਪਾਇਆ।
ਅੰਮ੍ਰਿਤ ਬਖਸ਼ਿਆ ਪੰਜਾਂ ਨੂੰ ਕੰਨ ਸਬਦ ਸੁਣਾਇਆ।
ਰਹਿਣੀ ਬਹਿਣੀ ਦੱਸਕੇ ਸਹਿਣੀ ਸਮਝਾਇਆ।
ਨਾਮਧਾਰੀ ਸੰਤ ਖਾਲਸਾ ਮੁਖ ਨਾਮ ਟਿਕਾਇਆ।
ਗਊ ਗ੍ਰੀਬ ਤੇ ਦੇਸ ਦਾ ਦਿਲ ਦਰਦ ਵਸਾਇਆ।
ਰੁੜਦੀ ਸਿਖੀ ਦਸਮ ਦੀ ਨੂੰ ਰੱਖ ਵਖਾਇਆ।
ਕਲਿਜੁਗ ਕਾਰਾ ਬੀਤਿਆ ਸਹੀ ਸਤਿਜੁਗ ਆਇਆ।
ਵੈਸਾਖੀ ਗੁਰ ਵੇਖਿਆ ਉਹਨਾਂ ਇਹੋ ਗਾਇਆ।
ਪਾਪੀਆਂਦੇਤਾਰਨੇਨੂੰ ਗੁਰੂਰਾਮਸਿੰਘਜਗਵਿਚਆਇਆ।

---

*੧੫੮ ਸਾਲ ਬਾਦ ਉਸੇ ਵੈਸਾਖੀ ਦਿਵਸ ਸਤਿਗੁਰੂ ਰਾਮ ਸਿੰਘ ਜੀ ੧੯੧੪ ਬਿ: ਨੂੰ ਭੈਣੀ ਸਾਹਿਬ ਏਨਾਂ ਪੰਜਾਂ ਨੂੰ ਅੰਮ੍ਰਿਤ ਛਕਾਇਆ।

੧. ਕਾਨ ਸਿੰਘ ਜੀ ਨਿਹੰਗ। ਚੱਕ ਮਲੇਰ ਕੋਟਲੇ ਦੇ ਨੇੜੇ ਦੇ ਤੇ ਫੌਜ ਦੇ ਸਮੇਂ ਤੇ ਸ਼ਰਧਾਲੂ ਸੀ। ਤੇ ਬਦੇਸ ਭੀ ਗਏ। ਬਰੀ ਹੋ ਆਏ ਸੀ। ੨ ਲਾਭ ਸਿੰਘ ਜੀ ਅੰਮ੍ਰਿਤਸਰ ਦੇ ਪੂਰੇ ਰਾਗੀ। ੩. ਆਤਮਾਂ ਸਿੰਘ ਆਲੋਮਹਾਰ ਜ਼ਿਲਾ ਸਿਆਲਕੋਟ ਦੇ ਭਾਰੇ ਵਿਦਵਾਨ ਸੀ। ੪. ਨੈਣਾਂ ਸਿੰਘ ਵਰਿਆਹ ਜ਼ਿ: ਅੰਮ੍ਰਿਤਸਰ। ੫. ਬਾਬਾ ਸੁਧ ਸਿੰਘ ਜੀ ਦੁਰਗਾਪੁਰ ਜ਼ਿ: ਜਲੰਧਰ ਦੇ।



Sri Satguru Jagjit Singh Ji Elibrary NamdhariElibrary@gmail.com

# ਇਸ ਤੇਰੇ ਪੰਥ ਬਗੀਚੇ ਦੀ

## ਵਲੋਂ–ਸੰਤ ਮੰਗਲ ਸਿੰਘ ਜੀ ਲਾਇਲਪੁਰੀ

ਭਾਵੇਂ ਕਈ ਬੂਟੇ ਬਾਗ ਵਿਚੋਂ ਜ਼ਾਲਮ ਨੇ ਆਕੇ ਪੁਟੇ ਸੀ।
ਇਹ ਬਾਗ ਵਿਰਾਨ ਕਰਨ ਖਾਤਰ ਤੋਪਾਂ ਦੇ ਗੋਲੇ ਸੁਟੇ ਸੀ।
ਉਕਾਹੀ ਜੜੋਂ ਪੁਕਾਣ ਲਈ ਸਾਰੇ ਹੀਰਲ ਮਿਲ ਜੁਟੇ ਸੀ।
ਪਰ ਸਿਦਕ ਵੇਖ ਇਕ ਨੰਨੇ ਦਾ ਕਾਵਨ ਦੇ ਤਕੇ ਛੁਟੇ ਸੀ।
ਫਿਰ ਭੀ ਨ ਦਿਸਦਾ ਸਾਨੀ ਕੋ ਮੈਂ ਦੁਨੀਆਂ ਸਾਰੀ ਭਾਲੀ ਏ।
ਇਸ ਤੇਰੇ ਪੰਥ ਬਗੀਚੇ ਦੀ ਦੁਨੀਆਂ ਤੋਂ ਸ਼ਾਨ ਨਿਰਾਲੀ ਏ।

ਭਾਵੇਂ ਕਈ ਝੱਖੜ ਝੁਲੇ ਸਨ ਅਤਿ ਜਬਰ ਦੀਆਂ ਹਵਾਵਾਂ ਦੇ।
ਕਈ ਫਾਂਸੀ ਉਤੇ ਲਟਕੇ ਸਨ ਸੋਹਣੇ ਜਹੇ ਪੁਤ੍ਰ ਮਾਵਾਂ ਦੇ।
ਕਈ ਤੋਪਾਂ ਅਗੇ ਉਡੇ ਸਨ ਪ੍ਰੇਮੀ ਜੋ ਵਤਨ ਤੇ ਗਾਵਾਂ ਦੇ।
(ਪਰ)ਆਸ਼ਕ ਕਦੇ ਰੁਕਦੇ ਨੇਇਹ ਵਹਿਣ ਵਾਂਗਦਰਿਆਵਾਂ ਦੇ।
ਭਾਵੇਂਕਈ ਚਿਰਤਕ ਪ੍ਰੀਤਮ ਜੀ ਤੇਰੇਦਰ ਤੇ ਪੁਲਸ ਬਹਾਲੀ ਏ।
ਫਿਰ ਭੀ ਇਸ ਪੰਥ ਬਗੀਚੇ ਦੀ ... ...

ਹੁਣ ਭੀ ਇਸ ਬਾਗ ਦੇ ਮਾਲੀ ਨੇ,
ਹਵਨਾਂ ਦੀਆਂ ਲਾਈਆਂ ਝੜੀਆਂ ਨੇ।
ਖਾਤ੍ਰ ਇਕ ਆਪ ਦੇ ਦਰਸ਼ਨ ਦੇ,
ਹਥਾਂ ਵਿਚ ਮਾਲਾਂ ਫੜੀਆਂ ਨੇ।
ਸੋਹਣੇ ਜਹੇ ਹਾਰ ਪਰੋ ਪ੍ਰੀਤਮ,
ਸੁਆਗਤ ਲਈ ਸੰਗਤਾਂ ਖੜੀਆਂ ਨੇ।
ਹੁਣ ਹੋਰ ਨ ਕੋਈ ਘਾਟਾ ਏ,
ਇਕ ਤੇਰੀਆਂ ਲੋੜਾਂ ਬੜੀਆਂ ਨੇ।



Sri Satguru Jagjit Singh Ji Elibrary NamdhariElibrary@gmail.com

ਆਸ਼ਕ ਤੇਰੇ ਪਰਤਾਪ ਹਰੀ,
ਕੈਸੀ ਕੀਤੀ ਰਖਵਾਲੀ ਏ।
ਤਾਹੀਉਂ ਇਸ ਪੰਥ ਬਗੀਚੇ ਦੀ ਦੁਨੀਆਂ ਤੋਂ... ... ... ।
ਕਿਤੇ ਆਤਮਾਂ ਲੀਲ੍ਹਾ ਲਾਈ ਏ,
ਆਲਿਮ ਦੀ ਜਗ ਰੁਸ਼ਨਾਈ ਏ।
ਪ੍ਰੀਤਾਂ ਨੂੰ ਹਰਿਆਂ ਕਰਨ ਲਈ,
ਇੰਦਰ ਨੇ ਛਹਿਬਰ ਲਾਈ ਏ।
ਜੋ ਸਬਕ ਸਿਖਾਵੇ ਸੇਵਾ ਦਾ,
ਉਹ ਜੀਵਨ ਸਾਡੀ ਮਾਈ ਏ।
ਲਾ ਮੰਗਲ ਜਿਨਾਂ ਨਿਹਾਲ ਕੀਤਾ,
ਜੇਹਲਾਂ ਦਾ ਡਰ ਨ ਰਾਈ ਏ।
ਗਾਂਧੀ ਤੇ ਬੋਸ ਜਵਾਹਰ ਜਿਹਾਂ,
ਤੇਰੇ ਮਿਸ਼ਨ ਦੀ ਸੇਵ ਸੰਭਾਲੀ ਏ।
ਇਸ ਤੇਰੇ ਪੰਥ ਬਗੀਚੇ ਦੀ ਦੁਨੀਆਂ ਤੋਂ ... ... ... ।



Sri Satguru Jagjit Singh Ji Elibrary NamdhariElibrary@gmail.com

# "ਸੋਹਣੀ ਆਨ ਰਖੀ ਨਾਮਧਾਰੀਆਂ ਨੇ"

ਵਲੋਂ ਸ੍ਰ. ਖਜਾਨ ਸਿੰਘ ਜੀ (ਇਨਸਾਫ)

ਦਸਮ ਗੁਰੂ ਦੀ ਜੋਤਿ ਅਲੋਪ ਹੋਈ,
ਬਾਦ ਵਰਤ ਗਈਆਂ ਧੁੰਧੂ ਕਾਰੀਆਂ ਸਨ।
ਬਚਨ ਗੁਰਾਂ ਦੇ ਸਭ ਭੁਲਾ ਬੈਠੇ,
ਸਿੰਘਾਂ ਮਲੀਆਂ ਆਨ ਸਰਦਾਰੀਆਂ ਸਨ।
ਸੂਟ ਬੂਟ ਤੇ ਕੋਟ ਪਤਲੂਨ ਪਹਿਨੇ,
ਪੱਗਾਂ ਢੇਡੀਆਂ ਬੰਨ੍ਹ ਸਵਾਰੀਆਂ ਸਨ।
ਲਗੇ ਮਾਸ ਸ਼ਰਾਬ ਉਡਾਨ ਨਿਸ ਦਿਨ,
ਨਾਲ ਕੰਜਰਾਂ ਪਾ ਲਈਆਂ ਯਾਰੀਆਂ ਸਨ।
ਐਸੇ ਵੇਖ ਅਧਰਮ ਤੇ ਪਾਪ ਭਾਰੇ,
ਦਸਮ ਗੁਰੂ ਜੀ ਬਾਰਵੀਂ ਵੇਰ ਆਏ।
ਖੇਤੀ ਆਪਣੀ ਹੁੰਦੀ ਵੈਰਾਨ ਵੇਖੀ,
ਕਰਨ ਰਖਿਆ ਦੇ ਲਈ ਫੇਰ ਆਏ।
ਸਤਿਗੁਰੂ ਰਾਮ ਸਿੰਘ ਧਾਰ ਅਵਤਾਰ ਆਏ,
ਹੋਈਆਂ ਜਗ ਅੰਦਰ ਜੈ ਜੈ ਕਾਰੀਆਂ ਨੇ।
ਛੱਟਾ ਨਾਮ ਦਾ ਦਿਤਾ ਬੇਅੰਤ ਸਤਿਗੁਰੂ,
ਫੇਰ ਸਾਜੀਆਂ ਸੰਗਤਾਂ ਪਿਆਰੀਆਂ ਨੇ।
ਕੁਟ ਕੱਢਿਆ ਕੁਲ ਕੁਰੀਤੀਆਂ ਨੂੰ,
ਰਹਿਤਾਂ ਦੱਸੀਆਂ ਸਤਿਗੁਰੂ ਸਾਰੀਆਂ ਨੇ।
ਸੰਤ ਖਾਲਸਾ ਸਾਜ ਤਿਆਰ ਕੀਤਾ,



Sri Satguru Jagjit Singh Ji Elibrary NamdhariElibrary@gmail.com

ਨਾਮ ਜਪਨ ਲਗੇ ਨਰ ਨਾਰੀਆਂ ਨੇ।
ਚੜ੍ਹ ਗਏ ਬੇੜੇ ਜਿਨ੍ਹਾਂ ਭਾਗ ਚੰਗੇ,
ਰਹਿ ਗਏ ਨਸੀਬਾਂ ਦੀ ਹਾਰ ਵਾਲੇ।
ਵਰਖਾ ਨਾਮ ਦੀ ਕਰੀ ਦਾਤਾਰ ਸਤਿਗੁਰ,
ਟਿਬੇ ਖੁਸ਼ਕ ਹੀ ਰਹੇ ਹੰਕਾਰ ਵਾਲੇ।
ਗਊ ਘਾਤ ਦਾ ਦੁਖ ਸੀ ਬੜਾ ਡਾਢਾ,
ਤੇ ਗੁਲਾਮੀ ਦੀਆਂ ਛੱਟਾਂ ਭਾਰੀਆਂ ਸਨ।
ਹਿੰਦੂ ਸਿਖ ਸਭੇ ਦੱਬੇ ਗਏ ਹੈਸਨ,
ਕਰ ਸਕਣ ਨ ਕੁਝ ਲਾਚਾਰੀਆਂ ਸਨ।
ਅਰਜ ਦਾਦ ਫਰਯਾਦ ਨ ਸੁਣੇ ਕੋਈ,
ਸਭਨਾਂ ਹਾਕਮਾਂ ਸੁਸਤੀਆਂ ਧਾਰੀਆਂ ਸਨ।
ਆਖਰ ਗਊ ਤੇ ਦੇਸ਼ ਦੀ ਰਖਿਆ ਲਈ,
ਨਾਮਧਾਰੀਆਂ ਕੀਤੀਆਂ ਤਿਆਰੀਆਂ ਸਨ।
ਕੁਦੇ ਆਨ ਮਦਾਨ ਮਹਾਨ ਯੋਧੇ,
ਬੁਚੜ ਵਢ ਕਾਨੂੰਨ ਵੈਰਾਨ ਕੀਤੇ।
ਕਾਰਨ ਗਊਆਂ ਤੇ ਦੇਸ ਦੀ ਰਖਿਆ ਦੇ,
ਲੈ ਸ਼ਹੀਦੀਆਂ ਸੀਸ ਕੁਰਬਾਨ ਕੀਤੇ।
ਨਿਤਰ ਵਿਚ ਮੈਦਾਨ ਵਖਾਲ ਦਿਤਾ,
ਅਤੇ ਕਟੀਆਂ ਮੁਸ਼ਕਲਾਂ ਭਾਰੀਆਂ ਨੇ।
ਗਜੇ ਲਾਲ ਸੋਹਣੇ ਚੀਨੀ ਵਾਲੜੇ ਦੇ,
ਪਈਆਂ ਜਗ ਉਤੇ ਧੁੰਮਾਂ ਭਾਰੀਆਂ ਨੇ।
ਖੜੇ ਤੋਪਾਂ ਅਗੇ ਚੜ੍ਹੇ ਫ਼ਾਂਸੀਆਂ ਤੇ,



Sri Satguru Jagjit Singh Ji Elibrary NamdhariElibrary@gmail.com

ਜਾਨਾਂ ਕੀਤੀਆਂ ਨਹੀਂ ਪਿਆਰੀਆਂ ਨੇ
ਕਰਕੇ ਅਦਲ ਇਨਸਾਫ ਵਿਖਾਲ ਦਿਤਾ,
ਸੋਹਣੀ ਆਣ ਰਖੀ ਨਾਮਧਾਰੀਆਂ ਨੇ

'ਵਹਿਮੀ' ਰਹਿੰਦਾ ਟਿੱਕਾ ਕਲੰਕ ਦਾ ਕੌਮ ਮਥੇ,
ਜਾਂਦਾ ਤਦੋਂ ਜੇ ਵਕਤ ਸੰਭਾਲਿਆ ਨਾ
ਸਿੰਘ ਪੰਥ ਦਾ ਨਾਮ ਸੀ ਔਤ ਜਾਣਾ,
ਜੇਕਰ ਆਵਦੋਂ ਤੂੰ ਚੀਨੀ ਵਾਲਿਆ ਨਾ

ਵਲੋਂ–ਵਿਧਾਤਾ ਸਿੰਘ ਜੀ (ਤੀਰ) ਅੰਮ੍ਰਿਤਸਰ
ਸਤਿਜੁਗ ਬਸੰਤ ਨੰਬਰ ੧੦ ਮਾਘ ੧੯੯੨

## ਲੇਸ ਏਸ ਵਿਚ ਦੁਨੀਆਂ ਦੇ ਰੰਗ ਦੀ ਨਹੀਂ

ਧਰਤੀ ਮਾਲਵੇ ਦੀ ਖਾਣ ਬਰਕਤਾਂ ਦੀ,
ਰਾਣੀ ਉਹਦੀਆਂ ਕੁਦਰਤਾਂ ਸਾਰੀਆਂ ਦੀ
ਚਰਨ ਰਾਮ ਦੇ ਸਿਦਕ ਵਿਚ ਪਰਸ ਰਹੀ ਸੀ,
ਦਿਲੋਂ ਭਰੀ ਹੋਈ ਤਾਂਘਾਂ ਭਾਰੀਆਂ ਦੀ
ਵਗਦੀ ਪਈ ਸੀ ਸਰਸੇ ਦੇ ਕੰਢਿਆਂ ਤੇ,
ਖੁਲੀ ਨਾਮ ਧਾਰਾ ਨਾਮ ਧਾਰੀਆਂ ਦੀ



Sri Satguru Jagjit Singh Ji Elibrary NamdhariElibrary@gmail.com

ਠੰਢ ਪਾਉਂਦੀ ਪਈ ਸੀ ਸੜਦਿਆਂ ਨੂੰ,
ਰੂਹ ਰਬ ਦੀ ਸ਼ਕਲ ਸੰਸਾਰੀਆਂ ਦੀ।
ਹਰ ਇਕ ਦਿਲ ਅੰਦਰ ਦਰਦ ਦੇਸ ਦਾ ਸੀ,
ਹਰ ਇਕ ਅੱਖ ਅੰਦਰ ਰਾਮ ਵੱਸਦਾ ਸੀ।
ਹਰ ਇਕ ਜੀਭ ਤੇ ਰਾਮ ਸੀ ਰਾਜ ਕਰਦਾ,
ਹਰ ਇਕ ਰੂਪ ਅੰਦਰ ਰਾਮ ਹੱਸਦਾ ਸੀ।
ਹਥਾਂ ਵਿਚ ਮਾਲਾ ਮਾਲਾ ਵਿਚ ਬਿਰਤੀ,
ਬਿਰਤੀ ਵਿਚ ਰਬੀ ਲਹਿਰ ਵੱਗ ਰਹੀ ਸੀ।
ਪੈਰ ਜਾਪਦੇ ਪਏ ਸੀ ਪੰਧ ਕਰਦੇ,
ਸੂਰਤ ਸਿਦਕ ਰੰਗ ਰਤੜੀ ਲੱਗ ਰਹੀ ਸੀ।
ਕਿਲੇ ਪਏ ਵਿਕਾਰਾਂ ਦੇ ਢੱਠਦੇ ਸਨ,
ਨਾਮੀ ਤੋਪ ਸਤਿਨਾਮ ਦੀ ਦੱਗ ਰਹੀ ਸੀ।
ਇਰਦ ਗਿਰਦ ਸਨ ਝੁੰਡ ਪ੍ਰਵਾਨਿਆਂ ਦੇ,
ਵਿਚ ਰਾਮ ਰੂਪੀ ਜੋਤ ਜਗ ਰਹੀ ਸੀ।
ਪਾਈ ਗੂੰਜ ਚੁਫੇਰੇ ਸੀ ਭੌਰਿਆਂ ਨੇ,
ਮਹਾਰਾਜ ਲਗਦੇ ਵਾਂਗ ਫੁਲਦੇ ਸਨ।
ਮਾਲਾ ਵਾਂਗ ਸੁਦਰਸ਼ਨ ਦੇ ਚਲਦੀ ਸੀ,
ਉਸ ਚੋਂ ਬੰਦਗੀ ਦੇ ਜੌਹਰ ਖੁਲ੍ਹਦੇ ਸਨ।
ਰੰਗ ਰਤੜੇ ਏਸ ਵਹੀਰ ਅੰਦਰ,
ਝਾਕੀ ਇਕ ਐਸੀ ਨਜ਼ਰ ਆ ਰਹੀ ਸੀ।
ਲਗਨ ਲੀਨ ਇਕ ਮਾਈਆਂ ਦੀ ਮੰਡਲੀ ਵੀ,
ਜਨਮ ਮਰਨ ਦਾ ਪੰਧ ਮੁਕਾ ਰਹੀ ਸੀ।
ਇਹਨਾਂ ਨਾਲ ਇਕ ਸਿਖ ਵੀ ਜਾ ਰਿਹਾ ਸੀ,



Sri Satguru Jagjit Singh Ji Elibrary NamdhariElibrary@gmail.com

ਜਿਨੂੰ ਸਾਦਗੀ ਸੀਸ ਨਿਵਾ ਰਹੀ ਸੀ।
ਐਪਰ ਓਸਦੀ ਤੋਰ ਮਸਤਾਨਿਆਂ ਨੂੰ,
ਕਿਸੇ ਗੰਦਲੇ ਭਰਮ ਵਿਚ ਪਾ ਰਹੀ ਸੀ।
ਓਹਨਾਂ ਆਖਿਆ ਵੇਖ ਹਰਨਾਮ ਸਿੰਘਾ,
ਸਾਡੀ ਹਿਕ ਉਤੇ ਅੱਗ ਬਾਲ ਨ ਤੂੰ।
ਹੋਕੇ ਵਖਰਾ ਆਪਣਾ ਕੱਟ ਪੈਂਡਾ,
ਤੁਰ ਇਸ ਤਰਾਂ ਬੀਬੀਆਂ ਨਾਲ ਨ ਤੂੰ।
ਓਹਨੇ ਆਖਿਆ ਕਮਲਿਉ ਰਹੋ ਠੱਪੇ,
ਮੇਰੀ ਰਮਜ਼ ਨੂੰ ਤੁਸਾਂ ਨ ਲਖਿਆ ਏ।
ਮੇਰੀ ਅੱਖ ਦੇ ਵਿਚ ਨਹੀਂ ਭਰਮ ਕੋਈ,
ਤੁਸਾਂ ਭੁਲ ਅੰਦਰ ਲਖਨ ਲਖਿਆ ਏ।
ਜਿਥੋਂ ਤੁਸਾਂ ਹੈ ਆਬਹਯਾਤ ਪੀਤਾ,
ਮੈਂ ਭੀ ਓਸੇ ਸਰੋਵਰੋਂ ਚਖਿਆ ਏ।
ਐਵੇਂ ਮੂਰਖੋ ਸਿਰਾਂ ਤੇ ਚੜ ਗਏ ਓ,
ਤੁਸਾਂ ਕਿਸੇ ਦਾ ਅਦਬ ਨ ਰਖਿਆ ਏ।
ਨਿਰਛਲ ਸਿਖ ਨੇ ਇਸ ਤਰ੍ਹਾਂ ਰੋਹ ਅੰਦਰ,
ਜਦੋਂ ਇਹ ਦੋ ਚਾਰ ਸੁਣਾ ਦਿਤੀਆਂ।
ਪਾਰਾ ਚੜ ਗਿਆ ਝੱਟ ਮਸਤਾਨਿਆਂ ਦਾ,
ਉਹਨਾਂ ਪਕੜ ਕੇ ਖ਼ੂਬ ਟਿਕਾ ਦਿਤੀਆਂ।
ਬਸ ਫੇਰ ਕੀ ਝੱਟ ਸ਼ਕਾਇਤ ਹੋ ਗਈ,
ਵੇਲਾ ਤਾੜਿਆ ਠੀਕ ਬਹਾਨਿਆਂ ਨੇ।
ਕਹਿਆ ਸੂਬਿਆਂ ਸ਼ਾਹਿਨਸ਼ਾਹ ਅੱਤ ਚੁਕੀ,
ਏਹਨਾਂ ਆਪ ਦੇ ਮੋਏ ਮਸਤਾਨਿਆਂ ਨੇ।



Sri Satguru Jagjit Singh Ji Elibrary NamdhariElibrary@gmail.com

ਰੱਬੀ ਜੋਤਿ ਜੀ ਸਾੜਿਆ ਜੀਅ ਸਾਡਾ,
ਏਹਨਾਂ ਆਪ ਦੇ ਪ੍ਰੇਮ ਪਰਵਾਨਿਆਂ ਨੇ।
ਨਹੀਂ ਸਮਝਦੇ ਕਿਸੇ ਦੀ ਮੰਨਦੇ ਨਹੀਂ,
ਲਾਇਆ ਆਪਣਾ ਟਿਲ ਹੈ ਦਾਨਿਆਂ ਨੇ।
ਗੱਲ ਕੱਲ ਦੀ ਏਹਨਾਂ ਦਾ ਦੱਲ ਵੇਖੋ,
ਇਕ ਸਿਖ ਇਕੱਲੇ ਤੇ ਟੁਟਿਆ ਏ।
ਸਚੇ ਪਾਤਸ਼ਾਹੋ ਕੁਝ ਵੀ ਗੱਲ ਨਹਿੰ ਸੀ,
ਉਹਨੂੰ ਛਲੀਆਂ ਦੇ ਵਾਂਗੂ ਕੁਟਿਆ ਏ।
ਦਰਦ ਪੁੰਜ ਬੋਲੇ ਹਛਾ ਦੇਰ ਕੀ ਏ,
ਅਸੀਂ ਅੱਜ ਹੀ ਲੇਖਾ ਮੁਕਾ ਦਿਆਂਗੇ।
ਸਾਡੇ ਸਿਖ ਨੂੰ ਜਿਨ੍ਹਾਂ ਨੇ ਮਾਰਿਆ ਏ,
ਅਸੀਂ ਉਹਨਾਂ ਨੂੰ ਮਜ਼ਾ ਚਖਾ ਦਿਆਂਗੇ।
ਸਾਡੇ ਸੂਬੇ ਤੇ ਵਰੇ ਜੋ ਗੜੇ ਹੋ ਕੇ,
ਅਸੀਂ ਉਹਨਾਂ ਨੂੰ ਰੰਗ ਵਿਖਾ ਦਿਆਂਗੇ।
ਪਕੇ ਹੋਏ ਹੰਕਾਰ ਦੇ ਸਿਟਿਆਂ ਤੇ,
ਅਸੀਂ ਡਾਂਗ ਦਾ ਮੀਂਹ ਵਸਾ ਦਿਆਂਗੇ।
ਏਨਾਂ ਆਖ ਕੇ ਚਲ ਪੈ ਰਮਜ਼ ਅੰਦਰ,
ਕੌਤਕ ਅਜਬ ਸੰਸਾਰ ਤੇ ਕਰਨ ਵਾਲੇ।
ਭਰਿਆਂ ਉਛਲਿਆਂ ਨੂੰ ਖਾਲੀ ਕਰਨ ਵਾਲੇ,
ਅਤੇ ਸਖਣਿਆਂ ਨੂੰ ਪਲ ਵਿਚ ਭਰਨ ਵਾਲੇ।
ਓਧਰ ਮਸਤਿਆ ਝੁੰਡ ਮਸਤਾਨਿਆਂ ਦਾ,
ਹੈਸੀ ਨੰਗਲੇ ਦੀ ਸੁੰਦਰ ਢਾਬ ਉਤੇ।
ਜਾਪੇ ਖੁਸ਼ੀ ਅਗੰਮੀ ਦੇ ਵਿਚ ਖਿੜਿਆ,



Sri Satguru Jagjit Singh Ji Elibrary NamdhariElibrary@gmail.com

ਭਖਨ ਲਾਲੀਆਂ ਚੇਹਰੇ ਗੁਲਾਬ ਉਤੇ।
ਕੋਈ ਗਾਂਵਦਾ ਸੀ ਕੋਈ ਝੂਮਦਾ ਸੀ,
ਕੋਈ ਮਸਤ ਸੀ ਤਾਰ ਰਬਾਬ ਉਤੇ।
ਕੋਈ ਲੇਖ ਅਲੱਖ ਦਾ ਲਿਖ ਰਿਹਾ ਸੀ,
ਆਪਣੇ ਦਿਲ ਦੀ ਪਾਕ ਕਤਾਬ ਉਤੇ।

ਕਿਸੇ ਆਣ ਕੇ ਆਖਿਆ ਸੁਣੋ ਸਿਖੋ,
ਜਾਨੀ ਜਾਣ ਨੇ ਆਪ ਵਲ ਔਣ ਲੱਗੇ।
ਬੱਸ ਫੇਰ ਕੀ ਸੀ ਆਕੇ ਰੰਗ ਅੰਦਰ,
ਨਚਣ ਡਹੇ ਪਏ ਘੁੰਮਰਾਂ ਪੌਣ ਲੱਗੇ।

ਏਨੇ ਚਿਰ ਨੂੰ ਚੀਨੀ ਅਸਵਾਰ ਆ ਕੇ,
ਬੋਲੇ ਉਠ ਕੇ ਜਾਉ ਖਲੋ ਸਾਰੇ।
ਖਬਰਦਾਰ ਅਗੇ ਪਿਛੇ ਹੋਵਣਾਂ ਨ,
ਜਾਉ ਟਿਕੇ ਕਤਾਰ ਵਿਚ ਹੋ ਸਾਰੇ।
ਤੋਬਾ ਤੁਸਾਂ ਸਤਾਇਆ ਏ ਬੜਾ ਮੈਨੂੰ,
ਕੰਡੇ ਦਿਤੇ ਨੇ ਮੈਨੂੰ ਚਬੋ ਸਾਰੇ।
ਹੋਕੇ ਏਕਤਾ ਦੇ ਫੁਲ ਖਾਲਸਾ ਜੀ,
ਫੇਰ ਰਖੋ ਕਿਉਂ ਦੂਈ ਦੀ ਬੋ ਸਾਰੇ।

ਝੱਟ ਬੰਨ ਲਈ ਪਾਲ ਮਸਤਾਨਿਆਂ ਨੇ,
ਜਾਨੀ ਜਾਣ ਜੀ ਡਾਂਗ ਵਰਤਾਉਣ ਲਗੇ।
ਜਾਣ ਏਧਰੋਂ ਮਾਰਦੇ ਓਸ ਪਾਸੇ,
ਅਤੇ ਓਧਰੋਂ ਏਧਰ ਨੂੰ ਆਉਣ ਲਗੇ।



Sri Satguru Jagjit Singh Ji Elibrary NamdhariElibrary@gmail.com

ਮਾਰ ਜਿਉਂ ਜਿਉਂ ਪਵੇ ਮਸਤਾਨਿਆਂ ਨੂੰ,
ਤਿਉਂ ਤਿਉਂ ਆਖਣ ਰੰਗਣ ਚਾੜ੍ਹ ਜਾਇਓ।
ਖਾਕੇ ਇਕ ਪਾਸੇ ਮੁੜਨ ਦੂਏ ਪਾਸੇ,
ਆਖਣ ਏਧਰ ਦੇ ਪਾਪ ਭੀ ਝਾੜ ਜਾਇਓ।
ਮੂੰਹ ਨਾਮ ਨਹੀਂ ਜਪਦਾ ਵਰੋ ਇਸ ਤੇ,
ਅਜ ਇਹਦਾ ਭੀ ਭੰਨ ਬੁਥਾੜ ਜਾਇਓ।
ਹੱਥ ਸੇਵਾ ਦਾ ਕਦੇ ਨਹੀਂ ਨਾਮ ਲੈਂਦੇ,
ਮਾਰ ਗੁਟ ਉਤੇ ਕਾੜ ਕਾੜ ਜਾਇਓ।
ਨਿਵਦੇ ਨਹੀਂ ਸਿਰ ਭਰੇ ਹੰਕਾਰ ਦੇ ਇਹ,
ਡਾਂਗ ਮਾਰ ਕੇ ਏਨਾਂ ਨੂੰ ਤੋੜ ਜਾਇਓ।
ਸਾਡੇ ਸੀਨਿਆਂ ਵਿਚ ਨਹੀਂ ਦਰਦ ਰਿਹਾ,
ਕੋਈ ਦਰਦ ਵਾਲਾ ਕੰਡਾ ਪੋੜ ਜਾਇਓ।

ਲੋਕੀ ਵੇਖ ਦੇਸੀ ਕੌਤਕ ਇਹ ਜੇਹੜੇ,
ਪਏ ਮੂੰਹ ਵਿਚ ਉਂਗਲਾਂ ਪਾਂਵਦੇ ਸਨ।
ਨਾਲੇ ਸ਼ਾਹਿਨਸ਼ਾਹ ਕੁਟਨ ਮਸਤਾਨਿਆਂ ਨੂੰ,
ਨਾਲੇ ਦਰਦ ਵਿਚ ਨੈਣ ਵਹਾਂਵਦੇ ਸਨ।
ਅਜਬ ਹਾਲ ਸੀ ਏਧਰ ਮਸਤਾਨਿਆਂ ਦਾ,
ਨਾਲੇ ਨੱਚਦੇ ਸਨ ਨਾਲੇ ਗਾਂਵਦੇ ਸਨ।
ਚੀਨੀ ਵਾਲੇ ਦੇ ਪਿਆਰ ਦੇ ਹੋ ਭੁਖੇ,
ਸ਼ੁਕਰ ਸ਼ੁਕਰ ਕਰਕੇ ਡਾਂਗਾਂ ਖਾਂਵਦੇ ਸਨ।
ਲਿਆ ਡਾਂਗ ਪ੍ਰਸਾਦ ਸ਼ਰਧਾਲੂਆਂ ਨੇ,
ਮਹਾਰਾਜ ਵਰਤਾ ਕੇ ਚਲੇ ਗਏ।



Sri Satguru Jagjit Singh Ji Elibrary NamdhariElibrary@gmail.com

ਅੰਨ ਜਲ ਨ ਦੇਣਾ ਮਸਤਾਨਿਆਂ ਨੂੰ,
ਜਾਂਦੀ ਵਾਰ ਫੁਰਮਾ ਕੇ ਚਲੇ ਗਏ।
ਚਾਰ ਦਿਨ ਹੋ ਗਏ ਏਸੇ ਹਾਲ ਅੰਦਰ,
ਐਪਰ ਭੁਖਿਆਂ ਹੀ ਸਿਦਕੀ ਰੱਜਦੇ ਰਹੇ।
ਬੇ ਪ੍ਰਵਾਹ ਬੇ ਖੌਫ ਬੇ ਚਿੰਤ ਹੋ ਕੇ,
ਦਿਲੋਂ ਰਾਮ ਜੀ ਰਾਮ ਜੀ ਭੱਜਦੇ ਰਹੇ।
ਧੂੜੀ ਵਿਚ ਲੁੜ੍ਹੰਦੜੇ ਸੌਂਵਦੇ ਰਹੇ,
ਖ਼ਿਨਾਂ ਸੋਹਜ ਸ਼ਿੰਗਾਰ ਤੋਂ ਸੱਜਦੇ ਰਹੇ।
ਉਹਨਾਂ ਹੱਸਦਿਆਂ ਪ੍ਰੇਮ ਦੀ ਕੈਦ ਕੱਟੀ,
ਅਟੱਲ ਫੈਸਲੇ ਦਿਲਾਂ ਦੇ ਜੱਜਦੇ ਰਹੇ।

ਏਧਰ ਰੰਗ ਸੀ ਇਹ ਮਸਤਾਨਿਆਂ ਦਾ,
ਪਿਆ ਪੇਟ ਅੰਦਰ ਭੋਰਾ ਅੰਨ ਦਾ ਨਹੀਂ।
ਓਧਰ ਕਹੇ ਜੇ ਕੋਈ ਕੁਝ ਛਕੋ ਪ੍ਰਭੁ ਜੀ,
ਆਖਣ ਮਨ ਕੁਝ ਖਾਣ ਨੂੰ ਮੰਨਦਾ ਨਹੀਂ।

ਪੁੱਛੇ ਕੋਈ ਤਾਂ ਪਾਤਸ਼ਾਹ ਤੜਪ ਆਖਣ,
ਮੈਨੂੰ ਗੱਲਾਂ ਵੀ ਲੱਗਦੀਆਂ ਤੱਤੀਆਂ ਨੇ।
ਮੈਥੋਂ ਨਹੀਂ ਕੋਈ ਸਜਣੋਂ ਗੱਲ ਹੁੰਦੀ,
ਮੇਰੇ ਗਲ ਅੰਦਰ ਪਈਆਂ ਪੱਤੀਆਂ ਨੇ।
ਮੇਰੀ ਅੱਖ ਅੰਦਰ ਵਸੇ ਦਰਦ ਕੋਈ,
ਇਕੇ ਤੁਲਦੀਆਂ ਸਿਦਕ ਦੀਆਂ ਰੱਤੀਆਂ ਨੇ।
ਉਹਨਾਂ ਹੱਥ ਹੈ ਸੋਹਣਿਓ ਡੋਰ ਮੇਰੀ,
ਪ੍ਰੇਮ ਪੂਣੀਆਂ ਜਿੰਨਾਂ ਨੇ ਕੱਤੀਆਂ ਨੇ।



Sri Satguru Jagjit Singh Ji Elibrary NamdhariElibrary@gmail.com

ਏਸ ਰਮਜ਼ ਤੋਂ ਕਿਸੇ ਨੇ ਸਮਝ ਲੀਤਾ,
ਇਹ ਤਾਂ ਪਲ ਰਹੀ ਪ੍ਰੀਤ ਪ੍ਰਵਾਨਿਆਂ ਦੀ।
ਤਦ ਤਕ ਭੁਖ ਮਹਾਰਾਜ ਨੂੰ ਲਗਣੀ ਨਹੀਂ,
ਜਦ ਤਕ ਮਿਟੇ ਨ ਭੁਖ ਮਸਤਾਨਿਆਂ ਦੀ।

ਆਖਰ ਰੋਕੇ ਕਿਹਾ ਇਕ ਲਾਡਲੇ ਨੇ,
ਜਾਣੀ ਜਾਣ ਨੇ ਅਰਜ਼ ਮਨਜ਼ੂਰ ਕੀਤੀ।
ਕਿਹਾ ਪਹਿਲੇ ਛਕਾਉ ਮਸਤਾਨਿਆਂ ਨੂੰ,
ਸਿਖੀ ਜਿੰਨਾਂ ਨੇ ਹੈ ਨੂਰੋ ਨੂਰ ਕੀਤੀ।
ਸਿਦਕੀ ਇਸ ਤਰਾਂ ਸਿਦਕ ਵਿਚ ਵੱਸਦੇ ਨੇ,
ਉਹਨਾਂ ਪੰਥ ਵਿਚ ਗਲ ਮਸ਼ਹੂਰ ਕੀਤੀ।
ਰਹਿ ਕੇ ਭੁਖਿਆਂ ਉਹਨਾਂ ਨੇ ਹੁਕਮ ਅੰਦਰ,
ਮੇਰੀ ਭੁਖ ਹੈ ਸਜਣੋਂ ਦੂਰ ਕੀਤੀ।

ਤੀਰ ਇਹ ਹੈ ਪ੍ਰੇਮ ਦੀ ਉਚ ਝਾਕੀ,
ਲੇਸ ਏਸ ਵਿਚ ਦੁਨੀਆਂ ਦੇ ਰੰਗ ਦੀ ਨਹੀਂ।
ਸਿਖ ਅੰਨ ਦੇ ਬਿਨਾਂ ਜੇ ਰਹੇ ਭੁਖਾ,
ਬੁਰਕੀ ਸਤਿਗੁਰੂ ਦੇ ਮੂੰਹੋਂ ਲੰਘਦੀ ਨਹੀਂ।



Sri Satguru Jagjit Singh Ji Elibrary NamdhariElibrary@gmail.com

੨੯ ਮਾਘ ੧੯੯੮ ਬਸੰਤ ਨੰਬਰ

## (ਜੀਵੇਂ ਚੰਨ ਹੈ ਤੂੰ ਕੌਮਾਂ ਸਾਰੀਆਂ ਦਾ)

ਨਿਰਾਪੁਰਾ ਨਹੀਂ ਤੂੰ ਨਾਮਧਾਰੀਆਂ ਦਾ,
ਸਾਂਝਾ ਹੈ ਸਾਰੇ ਨਾਮਧਾਰੀਆਂ ਦਾ।
ਭਾਰਤ ਮਾਤ ਦੀ ਅੱਖ ਦੇ ਤਾਰਿਆ ਵੇ,
ਜੀਵੇਂ ਚੰਨ ਹੈ ਤੂੰ ਕੌਮਾਂ ਸਾਰੀਆਂ ਦਾ।

ਹੈ ਸੀ ਦੇਸ਼ ਅਜ਼ਾਦੀ ਦੀ ਲਗਨ ਤੈਨੂੰ,
ਤਾਹੀਉਂ ਦੇਸ਼ ਉਤੋਂ ਗਿਉਂ ਵਾਰਿਆ ਤੂੰ।
ਪੂਰਾ ਉਤਰਿਉਂ ਸਾਥੀਆਂ ਸਣੇ ਆਖਰ,
ਕਰਕੇ ਟਾਕਰਾ ਐਕੜਾਂ ਭਾਰੀਆਂ ਦਾ।
ਅੰਦਰ ਹਿੰਦੀਆਂ ਦੇ ਭਾਂਬੜ ਮਚ ਰਹੇ ਨੇ,
ਅੱਗ ਤੇਰੀ ਕੁਰਬਾਨੀ ਨੇ ਲਾਈ ਹੋਈ ਏ।
ਚੜ੍ਹਿਆ ਮਰਨ ਦਾ ਚਾਅ ਹੈ ਬਹੁਤਿਆਂ ਨੂੰ,
ਗਲੇ ਖਫਣੀ ਬਹੁਤਿਆ ਪਾਈ ਹੋਈ ਏ।

ਬੱਦਲ ਜ਼ੋਰ ਦੇ ਪੱਛਮੋਂ ਚੜ੍ਹੇ ਜਾਪਣ,
ਬਿਜਲੀ ਲੋਹੜੇ ਦੀ ਸਿਰਾਂ ਤੇ ਕੜਕਦੀ ਏ।
ਫੁਲ ਖਿੜਨਗੇ ਫੇਰ ਸ਼ਹੀਦੀਆਂ ਦੇ,
ਫੇਰ ਰੁਤ ਕੁਰਬਾਨੀ ਦੀ ਆਈ ਹੋਈ ਏ।
ਬਾਬਾ ਆ ਅਜ਼ਾਦੀ ਦਾ ਨਾਮ ਦੇ ਜਾ,
ਇਸ ਦੇਸ ਭਗਤਾਂ ਨਾਮਧਾਰੀਆਂ ਨੂੰ।
ਆਜਾ ਪਿਆਰਿਆ ਫਿਰੀ ਬਸੰਤ ਰੁਤੇ,



Sri Satguru Jagjit Singh Ji Elibrary NamdhariElibrary@gmail.com

ਹੱਥੀਂ ਸਿੰਜਦੇ ਫੇਰ ਕਿਆਰੀਆਂ ਨੂੰ।
ਆਪਣੇ ਸਿਦਕ ਵਿਚੋਂ ਸਿਦਕ ਕਣੀ ਦੇ ਕੇ,
ਫੌਜਾਂ ਡੋਲੀਆਂ ਨੂੰ ਫੇਰ ਖੜਾ ਕਰਦੇ।
ਤੀਰ ਨਾਲ ਕੁਰਬਾਨੀ ਦੇ ਕਰਨ ਖੁਛਾ,
ਪੜਛੇ ਲਾਹ ਰਹੀਆਂ ਪਛਮੀ ਆਰੀਆਂ ਨੂੰ।

ਜਿਵੇਂ ਤੋਪਾਂ ਅਗੇ ਤਦ ਗੱਜ ਗੱਜ ਕੇ,
ਡਾਹੀਆਂ ਸੀ ਹਿੱਕਾਂ ਭੱਜ ਭੱਜ ਕੇ।
ਤੇਰੀ ਬਰਕਤ ਰਾਮ ਪਿਆਰੇ ਦੀ।
ਹੁਣ ਲੋੜ ਹੈ ਉਸੇ ਨਜ਼ਾਰੇ ਦੀ।

[ਵਹਿਮੀ]

ਸਤਜੀਤ ਸਿੰਘ ਪੁਸਤਕਾਲਯ
ਪੁਸਤਕ ਨੰ:..........
ਮਿਤੀ..........
ਸ੍ਰੀ ਭੈਣੀ ਸਾਹਿਬ



Sri Satguru Jagjit Singh Ji Elibrary NamdhariElibrary@gmail.com

# ਦਰਸ਼ਨ ਬਖਸ਼ਣੇ ਉਚੜੀ ਸ਼ਾਨ ਵਾਲੇ

ਵਲੋਂ:-ਡਾ: ਰਘਬੀਰ ਸਿੰਘ ਜੀ, ਸਾਹਨੇ ਵਾਲ ਲੁਧਿਆਣਾ

ਲਿਖੇ ਸਿਫਤ ਕੀ ਤੇਰੀ ਅਨਜਾਨ ਬਾਬਾ,
ਰਿਤੂ ਰਾਜ ਨੂੰ ਭਾਗ ਲਗਾਣ ਵਾਲੇ।
ਪਾਮਰ ਪਾਜੀਆਂ ਤਾਂਈ ਉਪਦੇਸ਼ ਦੇਕੇ,
ਨਾਮਧਾਰਨੀ ਸੰਤ ਬਨਾਣ ਵਾਲੇ।
ਸਿਖੀ ਰਹਿਤ ਦਾ ਸਿਖ ਬਨਾਣ ਵਾਲੇ,
ਬਾਣੀ ਪੜਨ ਦੀ ਜਾਚ ਸਖਾਨ ਵਾਲੇ।
ਡਿਗਦੇ ਢਹਿੰਦਿਆਂ ਤਾਂਈ ਉਭਾਰ ਕਰਕੇ,
ਹੋਣਾਂ ਪੈਰਾਂ ਤੇ ਖੜਾ ਸਖਾਨ ਵਾਲੇ।
ਫੁਟ ਸਿਖਾਂ ਦੇ ਵਿਚ ਨ ਤਕ ਸਕਿਉਂ,
ਐ ਏਕਤਾ ਨਾਦ ਬਜਾਨ ਵਾਲੇ।
ਮਨ ਮਤ ਦੇ ਜਾਲ ਚੋਂ ਕਢ ਕੇ ਤੇ,
ਮੁੜ ਸਿਖੀ ਦੇ ਵਿਚ ਲਿਆਨ ਵਾਲੇ।
ਆਪਣੇ ਦੇਸ ਦੀਆਂ ਚੀਜ਼ਾਂ ਵਰਤਣੇ ਦਾ,
ਲਾਹ ਵਾਲੜਾ ਸਬਕ ਪੜ੍ਹਾਨ ਵਾਲੇ।
ਝਗੜੇ ਆਪਣੇ ਆਪ ਨਬੇੜਨੇ ਦੀ,
ਸੋਹਣੀ ਫਬਦੀ ਰੀਤ ਚਲਾਨ ਵਾਲੇ।
ਭੈਣੀ ਸਾਹਿਬ ਦੀ ਜੂਹ ਨੂੰ ਭਾਗ ਲਾ ਕੇ,
ਸਾਰੇ ਦੇਸਾਂ ਦੇ ਵਿਚ ਚਮਕਾਨ ਵਾਲੇ।
ਲਈ ਗਊ ਗਰੀਬਾਂ ਦੇ ਕਈ ਸੂਰੇ,



Sri Satguru Jagjit Singh Ji Elibrary NamdhariElibrary@gmail.com

ਪੂਰੇ ਧਰਮੀਆਂ ਦੀ ਬਲੀ ਦਾਨ ਵਾਲੇ।
ਗਿਉਂ ਦੇਸ ਖਾਤਰ ਪਰਦੇਸ ਬਾਬਾ,
ਬਨਬਾਸੀਆ ਭੇਸ ਸਜਾਨ ਵਾਲੇ।
ਕਦੇ ਆਣਕੇ ਫੇਰ ਰਘਬੀਰ ਸਿੰਘ ਨੂੰ,
ਦਰਸ਼ਨ ਬਖਸ਼ਨੇ ਉਚੜੀ ਸ਼ਾਨ ਵਾਲੇ।

## ਤੇਰੇ ਹੀ ਸਭ ਉਪਕਾਰ ਨੇ

ਸ: ਗੁਰਬਖਸ਼ ਸਿੰਘ ਜੀ (ਜੱਟ) ਜੀਆ ਬਗਾ (ਲਾਹੌਰ)

ਪਾਈ ਖਿਜ਼ਾਂ ਨੇ ਤਕਿਆ ਹਰ ਤਰਫ ਢਾੜੀ ਲੁੱਟ ਸੀ।
ਦਿਤੀ ਜੋ ਆਯਾ ਹਥ ਵਿਚ ਸਭਨਾਂ ਦੀ ਮਿਟੀ ਪੁੱਟ ਸੀ।

ਚੁਣ ਚੁਣ ਕੇ ਲੁਕਮੇਂ ਕਰ ਗਈ ਸਿਖਾਂ ਦੇ ਕਰਮੋਂ ਕਾਂਡਦੇ।
ਬਚਿਆ ਨ ਕੋਈ ਇਕ ਵੀ ਆਇਆ ਜੋ ਹਥ ਇਸ ਰਾਂਡਦੇ।

ਲਗੇ ਨਚਾਵਨ ਰੰਡੀਆਂ ਭੰਡਾਂ ਦੇ ਬਣ ਗਏ ਯਾਰ ਸਨ।
ਲਾਂਹਦੇ ਕਛਹਿਰੇ ਸੀ ਤਦੋਂ ਸਿਖਾਂ ਦੇ ਸਿਖ ਸਰਦਾਰ ਸਨ।

ਪੀ ਪੀ ਸ਼ਰਾਬ ਕਬਾਬ ਨੂੰ ਖਾਂਦੇ ਸੀ ਮੁਛ ਮਰੋੜ ਕੇ।
ਬਹਿੰਦੇ ਸੀ ਸਿਖੀ ਧਰਮ ਦੀ ਅਸਲੋਂ ਹੀ ਬੇੜੀ ਬੋੜ ਕੇ।

ਸੁਚ ਸੋਧ ਜਤਸਤ ਰੁੜ ਗਿਆ ਵਿਚ ਕਾਂਮ ਵਾਲੀ ਨਹਿਰਦੇ।
ਉਠਕੇ ਜੋ ਪੜਦੇ ਬਾਣੀਆਂ ਸਨ ਸਿਖ ਤੜਕੇ ਪਹਿਰਦੇ।



Sri Satguru Jagjit Singh Ji Elibrary NamdhariElibrary@gmail.com

ਦੀਵਾਨ ਨ ਇਸ਼ਨਾਨ ਨ ਝੰਡੇ ਨ ਸਿਖੀ ਝੁਲਦੇ।
ਦਾਹੜੀ ਤੇ ਮੁਛਾਂ ਪੁਟਨਾਂ ਇਹ ਕੰਮ ਹੈਸਨ ਕੁਲਦੇ।
ਦਸਮੇਸ਼ ਜੀ ਦੀ ਰਹਿਤ ਤੋਂ ਉੱਕਾ ਹੀ ਸਾਰੇ ਭੁੱਲ ਗਏ।
ਵਿਸ਼ਿਆਂ ਵਿਕਾਰਾਂ ਤੇ ਕੁਰਹਿਤਾਂ ਦੇ ਹੀ ਬੂਹੇ ਖੁਲ ਗਏ।
ਭੈਣੀ ਦੇ ਅੰਦਰ ਨੂਰ ਦਾ ਉਸ ਵਕਤ ਸੋਮਾਂ ਫੁੱਟਿਆ।
ਸਤਿਜੁਗ ਦਾ ਸੂਰਜ ਚੜਪਿਆ ਕਲਿਜੁਗ ਦਾ ਤਾਰਾ ਟੁੱਟਿਆ।
ਭੌਰੇ ਗੁੰਜਾਰਾਂ ਕੱਢਦੇ ਕਲੀਆਂ ਨੇ ਖੋਲੇ ਮੁੱਖੜੇ।
ਜਾਪੀ ਖਿਜ਼ਾਂ ਨ ਨੱਸਦੀ ਦਿਸੇ ਨ ਜਾਂਦੇ ਦੁੱਖੜੇ।
ਰਾਏਸਿੰਘ ਨੂੰ ਜਾਸਿੰਘ ਤੋਂ ਵਾਹ ਵਾਹ ਛੁਡਾਵਨ ਵਾਲਿਆ।
ਬੁਢੀ ਦੇ ਮੋਏ ਪੁਤ ਨੂੰ ਵਾਹ ਵਾਹ ਜੁਵਾਵਨ ਵਾਲਿਆ।
ਘਰ ਘਰ ਖੁਲੇ ਦਰਬਾਰ ਨੇ ਤੇਰੇ ਇਹ ਸਭ ਉਪਕਾਰ ਨੇ।
ਧੀਆਂ ਬਚਾਈਆਂ ਮਰਨ ਤੋਂ ਤੇਰੇ ਹੀ ਵਿਹਾਰ ਸਧਾਰ ਨੇ।
ਵਾਹ ਪਰੇਮ ਤੇਰੇ ਨੇਮ ਵਾਹ ਵਾਹ ਸਾਦਗੀ ਦੇ ਕਰਮ ਨੇ।
ਵਾਹ ਸੁਚ ਤੇਰੀ ਸੋਧ ਵਾਹ ਇਤਫਾਕ ਦੇ ਵਾਹ ਧਰਮ ਨੇ।
ਸਭਨਾਂ ਨੂੰ ਛਾਤੀ ਲਾ ਲਿਆ ਵਾਹ ਪਰੇਮ ਸੋਮਾਂ ਸੁੰਮਿਆਂ।
ਭੈਣੀ ਦੀ 'ਜੱਟਾ' ਰੇਤ ਨੂੰ ਸਭਨਾਂ ਨੇ ਆ ਆ ਚੁੰਮਿਆਂ।

ਕਰ ਬੰਦ ਦਿਤੇ ਮੰਦ ਵਾਹ ਅਨੰਦ ਦਿਤੇ ਟੋਰ ਤੈਂ।
'ਵਹਿਮੀ' ਨੇ ਵੇਖਕੇ ਆਖਿਆ ਅਕਾਲ ਹੈਂ ਨਹੀਂ ਹੋਰ ਤੈਂ।



Sri Satguru Jagjit Singh Ji Elibrary NamdhariElibrary@gmail.com

# ਨਾਨਕ ਬਾਰਵਾਂ ਧਾਰ ਅਵਤਾਰ ਆਇਆ

ਸੰਤ ਭਗਤ ਸਿੰਘ ਜੀ ਪ੍ਰੇਮੀਂ । ਸੇਖਮਾਂ ਵਾਲੇ, ਬੈਂਕੋਕ ਸਿਆਮ

ਜੱਸ ਫੈਲਿਆ ਆਨ ਜਹਾਨ ਸਾਰੇ,
ਨਾਨਕ ਬਾਰਵਾਂ ਧਾਰ ਅਵਤਾਰ ਆਇਆ ।
ਦਰਸ਼ਨ ਕੀਤਿਆਂ ਚਿਤ ਨੂੰ ਸਾਂਤ ਆਵੇ,
ਕਲਾ ਲੈ ਅਨੰਤ ਕਰਤਾਰ ਆਇਆ ।
ਖਾਨ ਬਰਕਤਾਂ ਦੀ ਸੋਮਾਂ ਸਾਦਗੀ ਦਾ,
ਰਾਜਕ ਰਹਿਮਤਾਂ ਰਿਦੇ ਵਿਚ ਧਾਰ ਆਇਆ ।
ਕਾਰਣ ਕਰਨ ਸੰਸਾਰ ਦਾ ਜਾਣ ਲੈਂਦਾ,
ਇਕ ਵਾਰ ਜੋ ਕਰਨ ਦੀਦਾਰ ਆਇਆ ।
ਮੋਹਨ ਮੂਰਤੀ ਨਾਮ ਦੀ ਦਾਤ ਦੇਂਦਾ,
ਦਰ ਉਸਦੇ ਦੂਸਰੀ ਗੱਲ ਕੋਈ ਨਾਂ ।
ਓਥੇ ਦਸਦੇ ਏਸ ਜਹਾਨ ਅੰਦਰ,
ਬਿਨਾਂ ਨਾਮ ਤੋਂ ਲਾਹ ਦਾ ਫੱਲ ਕੋਈ ਨਾਂ ।
ਇਕ ਦਿਨ ਸਤਿਗੁਰਾਂ ਦੇ ਪੁੰਨ ਦਰਸਨਾਂ ਨੂੰ,
ਸੰਗਤ ਦੂਰ ਦੁਰਾਡਿਉਂ ਆ ਰਹੀ ਸੀ ।
ਰਸਤੇ ਵਿਚ ਉਚਾਰਦੀ ਗੁਰੂ ਬਾਣੀ,
ਕਹਿੰਦੀ ਸਾਖੀਆਂ ਪੰਦ ਮੁਕਾ ਰਹੀ ਸੀ ।
ਸੁਰਾਂ ਉਚੀਆਂ ਮਿਠੀਆਂ ਅਸਰ ਭਰੀਆਂ,
ਸਬਦ ਨਾਲ ਪਰੇਮ ਦੇ ਗਾ ਰਹੀ ਸੀ ।
ਡਾਰ ਹੰਸਾਂ ਦੀ ਛਡਕੇ ਛਪੜੀਆਂ ਨੂੰ,
ਮਾਨੋ ਮਾਨਸਰ ਗੁਰਾਂ ਦੇ ਜਾ ਰਹੀ ਸੀ ।



Sri Satguru Jagjit Singh Ji Elibrary NamdhariElibrary@gmail.com

ਸਾਧੂ ਇਸ ਤਰਾਂ ਗੁਰਾਂ ਦਾ ਜੱਸ ਗਾਂਦੇ,
ਮਜਲਾਂ ਮਾਰਦੇ ਜਾਂ ਇਕ ਨਗਰ ਆਏ।
ਓਸ ਪਿੰਡ ਦੇ ਕੁਝ ਪਰੇਮੀਆਂ ਨੇ,
ਕੁਤੇ ਛੇੜਕੇ ਸਾਧੂਆਂ ਮਗਰ ਲਾਏ।
ਜਥਾ ਨਗਰਾਂ ਵਿਚ ਪ੍ਰਚਾਰ ਕਰਦਾ,
ਰਾਮ ਦਾਸ ਪੁਰ ਪਹੁੰਚਿਆ ਆਨ ਓਦੋਂ।
ਚਹਿਲ ਪਹਿਲ ਹੋ ਰਹੀ ਸੀ ਸੰਗਤਾਂ ਦੀ,
ਨਾਲੇ ਸੱਜ ਸੀ ਰਿਹਾ ਦੀਵਾਨ ਓਦੋਂ।
ਜਾਣੀ ਜਾਣ ਸਤਿਗੁਰੂ ਜੀ ਸੰਗਤਾਂ ਦੀ,
ਦਰਸਨ ਦੇ ਕਰ ਰਹੇ ਕਲਿਆਨ ਓਦੋਂ।
ਭਲਾ ਸਤਿਗੁਰੂ ਸਭਸ ਦਾ ਲੋਚਦਾ ਏ,
ਰਾਗੀ ਉਚੀਆਂ ਸੁਰਾਂ ਲਗਾਨ ਓਦੋਂ।
ਮੰਜਲ ਮੁਕ ਗਈ ਯਾਤਰਾ ਸਫਲ ਹੋਈ,
ਸੰਸੇ ਦੂਰ ਹੋਏ ਦਰਸ਼ਨ ਕਰਦਿਆਂ ਹੀ।
ਹੌਲਾ ਫੁਲ ਸਰੀਰ ਦਾ ਭਾਰ ਹੋਇਆ,
ਭੈਣੀ ਸਾਹਿਬ ਅੰਦਰ ਚਰਨ ਧਰਦਿਆਂ ਹੀ।
ਪਿਆ ਭੋਗ ਦੀਵਾਨ ਦਾ ਫਤੇ ਬੋਲੀ,
ਬੈਠੇ ਤਖਤ ਤੇ ਸੁਖਾਂ ਦੀ ਰਾਸ ਸਤਿਗੁਰ।
ਆਇਆਂ ਸਾਧੂਆਂ ਜਾਏ ਪ੍ਰਨਾਮ ਕੀਤੀ,
ਦੱਸੀ ਹੱਡ ਬੀਤੀ ਸਾਰੀ ਪਾਸ ਸਤਿਗੁਰ।
ਸਾਹਨਸ਼ਾਹ ਅਮੁਕੇ ਨਗਰ ਵਾਸੀਆਂ ਨੇ,
ਕੀਤਾ ਸਾਧੂਆਂ ਦੇ ਨਾਲ ਹਾਸ ਸਤਿਗੁਰ।



Sri Satguru Jagjit Singh Ji Elibrary NamdhariElibrary@gmail.com

ਸੰਗਤ ਸ਼ਬਦ ਪੜ੍ਹਦੀ ਮਗਰ ਲਾਏ ਕੁਤੇ,
ਪਾੜੇ ਕੁਤਿਆਂ ਕਪੜੇ ਮਾਸ ਸਤਿਗੁਰ।
ਓਹਨਾਂ ਪਾਪੀਆਂ ਪਾਪ ਦੀ ਹੱਦ ਕੀਤੀ,
ਕੀਤਾ ਦੁਖੀ ਬੇਦੋਸੀਆਂ ਸੰਗਤਾਂ ਨੂੰ।
ਓਹਨਾਂ ਅਕਲ ਦਾ ਕੰਮ ਇਹ ਨਹੀਂ ਕੀਤਾ,
ਰਖ ਸਾਮਣੇ ਆਪਣੀ ਹੰਗਤਾਂ ਨੂੰ।
ਤਾਂ ਤੇ ਦਿਉ ਸਰਾਪ ਕੇ ਪਿੰਡ ਐਸਾ,
ਢਹਿ ਪਲ ਦੇ ਵਿਚ ਮੈਦਾਨ ਹੋ ਜੈ।
ਐਸੇ ਪੁਰਸ਼ਾਂ ਦਾ ਨਾਮ ਨਿਸ਼ਾਨ ਜਾਏ,
ਦੂਰ ਜਗਤ ਤੋਂ ਪਾਪ ਦੀ ਖਾਨ ਹੋ ਜੈ।
ਸਚੇ ਪਾਤਸ਼ਾਹ ਪਿੰਡ ਨੂੰ ਮਿਲੇ ਸੰਥਾ,
ਅਗੋਂ ਵਾਸਤੇ ਭੀ ਸਾਵਧਾਨ ਹੋ ਜੈ।
ਹਾਸੀ ਕਰੇ ਨ ਸਾਧੂਆਂ ਨਾਲ ਕੋਈ,
ਪਕਾ ਜਗਤ ਦੇ ਵਿਚ ਬੰਧਾਨ ਹੋ ਜੈ।
ਕਿਤੇ ਅਤਿਯਾਚਾਰ ਨ ਕਰਨ ਲਿਖਿਆ,
ਉਹਨਾਂ ਕਾਸਤੇ ਅਸਾਂ ਨੂੰ ਦੁਖੀ ਕੀਤਾ।
ਐਸੇ ਪੁਰਸ਼ਾਂ ਨੂੰ ਸੰਥਾ ਜਰੂਰ ਚਾਹੀਏ,
ਰਬ ਭਲੇ ਲਈ ਬੰਦੇ ਨੂੰ ਮੁਖੀ ਕੀਤਾ।
ਸੁਣ ਕੇ ਅਰਜ ਸਤਿਗੁਰਾਂ ਨੇ ਬਚਨ ਕੀਤਾ,
ਸੁਣੋ ਪਿਆਰਿਉ ਤੁਸੀਂ ਕਲਿਆਨ ਦੇ ਲਈ।
ਮੰਦੇ ਕੰਮ ਦਾ ਬੁਰਾ ਹੀ ਮਿਲ ਬਦਲਾ,
ਤੁਸੀਂ ਆਏ ਨਹੀਂ ਵੈਰ ਵਧਾਨ ਦੇ ਲਈ।



Sri Satguru Jagjit Singh Ji Elibrary NamdhariElibrary@gmail.com

ਤੁਹਾਨੂੰ ਬਖਸ਼ਿਆ ਰੂਪ ਨਿਰਮਾਨਤਾ ਦਾ,
ਧਰਮ ਜਗ ਦੇ ਵਿਚ ਵਰਤਾਨ ਦੇ ਲਈ।
ਜੀਆਂ ਭੁਲਿਆਂ ਨੂੰ ਰਾਹੇ ਪਾਣ ਦੇ ਲਈ,
ਅਤੇ ਢੱਠਿਆਂ ਤਾਂਈਂ ਉਠਾਨ ਦੇ ਲਈ।
ਜੇਹੜਾ ਲੱਤ ਮਾਰੇ ਲੱਤ ਮਾਰਨੀ ਨਹੀਂ,
ਸਗੋਂ ਪੈਰ ਉਹਦੇ ਅਸਾਂ ਚੁੰਮਣੇ ਨੇ।
ਭਲੇ ਕੰਮ ਕਰਨੇ ਏਸ ਜਗਤ ਅੰਦਰ,
ਪੱਕੇ ਇਹ ਦਰਗਾਹ ਦੇ ਨੂੰਮਨੇ ਨੇ।
ਹੱਥ ਬੰਨ੍ਹਕੇ ਕਰੇ ਅਰਦਾਸ ਸਾਰੇ,
ਉਹ ਪਿੰਡ ਹੀ ਦੇਵ ਸਰੂਪ ਹੋ ਜੈ।
ਰਸਤਾ ਉਹੋ ਭੀ ਤੁਸਾਂ ਦਾ ਕਰੇ ਧਾਰਨ,
ਲੱਖ ਕੇ ਬ੍ਰਹਮ ਨੂੰ ਬ੍ਰਹਮ ਦਾ ਰੂਪ ਹੋ ਜੈ।
ਵਗੇ ਗਿਆਨ ਵੈਰਾਗ ਦੀ ਨੈਹਿਰ ਭਾਰੀ,
ਦਇਆ ਦਾਤ ਪਾਕੇ ਭੂਪਨ ਭੂਪ ਹੋ ਜੈ।
ਕਰੇ ਤ੍ਰਿਪਤ ਪਿਆਸਿਆਂ ਭੁਖਿਆਂ ਨੂੰ,
ਠੰਡਾ ਠਾਰ ਐਸਾ ਜਲਦਾ ਕੂਪ ਹੋ ਜੈ।
ਐਸਾ ਸਤਿਗੁਰੂ ਜਿੰਨਾਂ ਦੇ ਵਲ ਪਰੇਮਾਂ,
ਕੁਲ ਜੱਗ ਦੇ ਮੁਸ਼ਕਲੇ ਹੱਲ ਹੋ ਗਏ।
ਪੂਰਨ ਸੰਤ ਹੋ ਗਏ ਕੰਤ ਕੰਠ ਲਾਇਆ,
ਰੋਸ਼ਨ ਨਾਮ ਜਹਾਨ ਅਟੱਲ ਹੋ ਗਏ।

ਸੁਧ ਮਨ ਹੋ ਅਰਦਾਸ ਜਾਂ ਕੀਤੀ।
ਪਿੰਡ ਨੂੰ ਪਛੁਤਾ ਲਾਇਆ ਬੀਤੀ।



Sri Satguru Jagjit Singh Ji Elibrary NamdhariElibrary@gmail.com

ਅਗਲੇ ਰੋਜ ਜਥਾ ਇਕ ਆਇਆ।
ਉਹਨਾਂ ਚਰਨੀਂ ਸੀਸ ਨਿਵਾਇਆ।
ਭਜਨ ਦਸ ਸੋ ਸਾਥ ਲਿਆਏ।
ਭੈਣੀ ਸਾਹਿਬ ਦੀ ਰਹਿਣੀ ਲਾਏ।
ਬੁਰਿਆਂ ਦਾ ਕਰ ਭਲਾ ਵਿਖਾਇਆ।
ਵਹਿਮੀਂ ਜਿਹਾਂ ਨੂੰ ਸਬਕ ਸਿਖਾਇਆ।

[ਵਹਿਮੀਂ]

## ਸਿੱਖ ਦੀ ਰਖਿਆ

ਲਾਲ ਸਿੰਘ ਜੀ ਕੰਵਰ, ਪੀਰੋ ਚੱਕ ਸ਼ੇਖੂਪੂਰਾ

ਦੇਸੋਂ ਦਸ ਸੌ ਕੋਹ ਤੇ ਵਿਚ ਦਖਨ,
ਭਾਂ ਭਾਂ ਕਰਦਾ ਬੀਆ ਬਾਨ ਜੰਗਲ।
ਕਾਹਈਆਂ ਸਰਾਂ ਤੇ ਝਾੜੀਆਂ ਨਾਲ ਭਰਿਆ,
ਕੋਹਾਂ ਵਿਚ ਸੀ ਘੋਰ ਸੁਨਸਾਨ ਜੰਗਲ।
ਸ਼ੂਕ ਰਿਹਾ ਡਰਾਵਨਾਂ ਦੇਉ ਜਿਸ ਤੋਂ,
ਜਾਨ ਵਸਤੀਆਂ ਵਿਚ ਲੁਕਾਨ ਜੰਗਲ।



Sri Satguru Jagjit Singh Ji Elibrary NamdhariElibrary@gmail.com

ਆਸ਼ਕ ਕਿਸੇ ਨਿਰਾਸ ਦੇ ਦਿਲ ਵਾਗੂੰ,
ਸਾਰੇ ਸੁੰਞ ਮੁਸੁੰਞ ਹੈਰਾਨ ਜੰਗਲ।
ਓਥੇ ਪਾਸ ਹੀ ਰਖਿਆ ਪਾਂਧੀਆਂ ਲਈ,
ਚੌਂਕੀ ਪੁਲਸ ਸਰਕਾਰ ਨੇ ਪਾਈ ਹੋਈ ਸੀ।
ਰਾਏ ਸਿੰਘ ਤਾਂ ਓਧਰੇ ਜਾ ਰਿਹਾ ਸੀ,
ਐਪਰ ਯਾਤ੍ਰੀ ਦੀ ਕਜ਼ਾ ਆਈ ਹੋਈ ਸੀ।
ਡਰਦਾ ਚਲਣੋਂ ਦੇਖ ਕੇ ਯਾਤ੍ਰੀ ਨੂੰ,
ਪਿਆ ਅਟਕਣਾਂ ਸਿੰਘ ਦਲੇਰ ਨੂੰ ਭੀ।
ਪਿਆ ਵਿਛਣਾਂ ਧਰਤ ਤੇ ਆਸਣਾਂ ਨੂੰ,
ਅਤੇ ਜਾਗਣਾਂ ਦਿਨਾਂ ਦੇ ਫੇਰ ਨੂੰ ਭੀ।
ਲੈ ਕੇ ਮੁਸ਼ਕ ਅਛੋਪਲੇ ਵਾਰ ਕਰਦਾ,
ਨਜ਼ਰ ਆ ਗਿਆ ਸ਼ੇਰ ਹਨੇਰ ਨੂੰ ਭੀ।
ਏਸ ਛੋੜ ਵਾਲਾ ਭੈਣੀ ਸਾਹਿਬ ਅੰਦਰ,
ਟੈਲੀਫੋਨ ਹੋਇਆ ਰਬੀ ਸ਼ੇਰ ਨੂੰ ਭੀ।
ਸੁਣ ਕੇ ਚੀਕ ਤ੍ਰਿਬਕਿਆ ਸਿੰਘ ਸੁਤਾ,
ਜਦੋਂ ਯਾਤ੍ਰੀ ਕੂਕ ਫਰਆਦ ਕੀਤੀ।
ਚੌਂਕੀ ਤੀਕ ਅਵਾਜ਼ ਨ ਪਹੁੰਚਦੀ ਸੀ,
ਭੈਣੀ ਸਾਹਿਬ ਤੋਂ ਤਲਬ ਇਮਦਾਦ ਕੀਤੀ।
ਚੀਨੀ ਵਾਲਿਆ ਕੀ ਅਪ੍ਰਾਧ ਹੋਇਆ,
ਮੇਰੇ ਸਾਥ ਤੇ ਸ਼ੇਰ ਕਿਉਂ ਗੜਕਦਾ ਏ।
ਕਰਕੇ ਆਪਣਾ ਯਾਦ ਕਰਤੱਬ ਦਾਤਾ,
ਤੀਰ ਜਿਗਰ ਮੇਰੇ ਅੰਦਰ ਰੜਕਦਾ ਏ।



Sri Satguru Jagjit Singh Ji Elibrary NamdhariElibrary@gmail.com

ਮੂਜ਼ੀ ਕਿਉਂ ਗ਼ਰੀਬ ਤੇ ਕੜਕਦਾ ਏ,
ਏਧਰ ਦੇਖ ਬੇਦੋਸ ਪਿਆ ਫੜਕਦਾ ਏ।
ਸੁਣਦਾ ਹੋਵਸੇਂ ਏਸਦੀ ਕੂਕ ਤੂੰ ਭੀ,
ਅਤੇ ਮੇਰਾ ਜੋ ਕਾਲਜਾ ਧੜਕਦਾ ਏ।
ਪਤਾ ਲਗਾ ਨ ਕਦੋਂ ਪੰਜਾਬ ਵਿਚੋਂ,
ਆਈ ਦਾਦ ਫਰਯਾਦ ਦੇ ਭੇਖ ਦੀ ਸੀ।
ਕੂਕ ਭੈਣੀ ਵਿਚ ਭਗਤ ਦੀ ਸੁਣੀ ਗਈ ਆ,
ਭੈਣੀ ਵਾਲੀ ਹੀ ਜੋਤਿ ਪਈ ਵੇਖ ਦੀ ਸੀ।
ਹਥ ਜੋੜ ਕੇ ਜਦੋਂ ਪਰਨਾਮ ਕੀਤੀ,
ਜਾਪੇ ਵੱਜਦੇ ਧਰਤ ਤੇ ਸੁੰਬ ਉਸ ਨੂੰ।
ਸਿੰਘਾ ਛਡ ਨਿਰਾਸਤਾ ਉਠ ਛੇਤੀ,
ਕਿਹਾ ਕਿਸੇ ਅਵਾਜ਼ ਨੇ ਟੁੰਬ ਉਸ ਨੂੰ।
ਖੁਲੀ ਅੱਖ ਦਿਸੇ ਚਰਨ ਕਮਲ ਓਹੀ,
ਓਹੀ ਜੋਤਿ ਦਿੱਸੀ ਚਿਟੀ ਖੁੰਬ ਉਸ ਨੂੰ।
ਓਹੀ ਸ਼ੇਰ ਸੀ ਕਰ ਰਿਹਾ ਨਮਸਕਾਰਾਂ,
ਗਿੱਦੜ ਵਾਂਗ ਦਬਾਇਕੇ ਦੁੰਬ ਉਸ ਨੂੰ।
ਕਿਹਾ ਹੱਸ ਕੇ ਰੱਖ ਕੇ ਸਿਦਕ ਪੂਰਾ,
ਫੇਰ ਇਸ ਤਰਾਂ ਕਾਸਨੂੰ ਝੋਰਨਾਂ ਸੀ।
ਭਲਾ ਬੀੜ ਤੇਰੀ ਜੇ ਨ ਕੱਟਣੀ ਸੀ,
ਤੈਨੂੰ ਬਿਨਾਂ ਹਥਿਆਰ ਕਿਉਂ ਟੋਰਨਾਂ ਸੀ।
ਦੁਖ ਸੁਖ ਸ਼ਰੀਰ ਦੇ ਨਾਲ ਰਹਿੰਦੇ,
ਐਸਾ ਕੌਣ ਜਿਸਨੂੰ ਮੌਤ ਆਂਵਦੀ ਨਹੀਂ।



Sri Satguru Jagjit Singh Ji Elibrary NamdhariElibrary@gmail.com

ਧੀਰਜ ਸਿਖ ਦੀ ਕਦੇ ਨ ਡੋਲਦੀ ਏ,
ਮਹਰ ਗੁਰੂ ਕਰਤਾਰ ਭੁਲਾਂਵਦੀ ਨਹੀਂ।
ਏਨੀ ਆਖ ਉਹ ਜੋਤ ਅਲੋਪ ਹੋਈ,
ਰਾਏ ਸਿੰਘ ਦੀ ਖੁਸ਼ੀ ਸਮਾਂਵਦੀ ਨਹੀਂ।
ਤੜਕਾ ਜਾਣਕੇ ਕਰ ਲਿਆ ਕਮਰ ਕੱਸਾ,
ਔਕੜ ਹੋਰ ਕੋਈ ਅਗੇ ਆਂਵਦੀ ਨਹੀਂ।
ਥਕੀ ਵੇਖ ਚੀਨੀ ਚਰਚਾ ਕੌਤਕਾਂ ਦਾ,
ਭੈਣੀ ਸਾਹਿਬ ਦਰੋਗੇ ਨੇ ਛੇੜਿਆ ਸੀ।
ਰਾਏ ਸਿੰਘ ਨੇ ਆਣਕੇ ਕੰਵਰ ਪਿਛੋਂ,
ਸਾਧ ਸੰਗਤ ਦਾ ਭਰਮ ਨਬੇੜਿਆ ਸੀ।



Sri Satguru Jagjit Singh Ji Elibrary NamdhariElibrary@gmail.com

# ਮਰਤਬਾ ਬੁਲੰਦ ਬੜਾ ਬਾਹਰਵੇਂ ਉਤਾਰ ਦਾ

## ਸੰਤ ਸੰਪੂਰਨ ਸਿੰਘ ਜੀ ਦਿੱਲੀ

ਭੁਲੀ ਹੋਈ ਗੱਲ ਨਹੀਂ ਇਹ ਸਾਰੇ ਲੋਕੀ ਜਾਨਦੇ ਨੇ,
ਹੌਲੇ ਵਿਚ ਪੁਤ ਮੋਇਆ ਜਦੋਂ ਘੁਮਿਆਰ ਦਾ।
ਖੁਸ਼ੀ ਦਿਆਂ ਸਾਗਰਾਂ ਚਿ ਦਿਲ ਬੇੜੇ ਡਲ ਗਏ,
ਜਰਾ ਵਿਚ ਉਠਿਆ ਤੂਫਾਨ ਹਾਹਾਕਾਰ ਦਾ।
ਮਸਿਆ ਤੋਂ ਵਧ ਉਹਦੇ ਭਾ ਦਾ ਹਨੇਰ ਪਿਆ,
ਚੰਨ ਪੁਤ ਡੁਬਾ ਜਿਸ ਮਾਂ ਦੁਖਿਆਰ ਦਾ।
ਖੁਲੇ ਵਾਲ ਬੁਰੇ ਹਾਲ ਮਮਤਾ ਦੀ ਮਾਰੀ ਹੋਈ,
ਵਾਹੋਦਾਹੀ ਪੁਜੀ ਪੁਛ ਪਤਾ ਸਰਕਾਰ ਦਾ।
ਭੁਬਾਂ ਮਾਰ ਰੋਵੇ ਆਖੇ ਰਖ ਭੈਣੀ ਵਾਲਿਆ ਵੇ,
ਮੇਰੇ ਉਤੇ ਟੁਟਾ ਕੋਈ ਕਹਿਰ ਹੈ ਕਹਾਰ ਦਾ।
ਆਸਾਂ ਤੇ ਉਮੀਦਾਂ ਵਾਲਾ ਚਾਵਾਂ ਨਾਲ ਸਿੰਜ ਸਿੰਜ,
ਬੂਟਾ ਜੋੜਾ ਵਾਲੀਆ ਸੀ ਪਾਲਿਆ ਪਿਆਰ ਦਾ।
ਮੌਤ ਦੇ ਤੂਫਾਨ ਨੇ ਜਹਾਨ ਵਿਚੋਂ ਪੁਟ ਦਿਤਾ,
ਵਾਸਤਾ ਈ ਰਖ ਲਵੀਂ ਕਖ ਗੁਨਾਹਗਾਰ ਦਾ।
ਪੁਤ ਮੇਰੀ ਜ਼ਿੰਦਗੀ ਜਹਾਨ ਮੇਰਾ ਪੁਤ ਨਾਲ,
ਪੁਤ ਰੂਹ ਬਿਨਾਂ ਨਹੀਂ ਜਿਸਮ ਕਿਸੇ ਕਾਰ ਦਾ।
ਝੋਲੀ ਅਡ ਆਸ ਦੀ ਮੈਂ ਆਈ ਤੇਰੇ ਦਰ ਉਤੇ,
ਸੁਣਿਆਂ ਏ ਜੱਸ ਤੇਰੇ ਸਚੇ ਦਰਬਾਰ ਦਾ।
ਜੋੜਾ ਤੇਰੇ ਦਰ ਢਠਾ ਮੱਖਣ ਲਬਾਣੇ ਤਰਾਂ,
ਡੁਬਦੇ ਜਹਾਜ਼ ਪੀਰਾ ਰਿਹਾ ਏਂ ਓਹਦੇ ਤਾਰ ਦਾ।



Sri Satguru Jagjit Singh Ji Elibrary NamdhariElibrary@gmail.com

ਕਲ ਦੀ ਏ ਗਲ ਜਦੋਂ ਭਾਈ ਰਾਏ ਸਿੰਘ ਤਾਈਂ,
ਕਾਲ ਵਾਂਗੂ ਟੁਟ ਪਿਆ ਸ਼ੇਰ ਭਭੁਕਾਰ ਦਾ।
ਤਾਰ ਬਿਨਾਂ ਤਾਰੋਂ ਤੈਨੂੰ ਮਿਲੀ ਸੀ ਸਕਿੰਟ ਵਿਚ,
ਪਲਾਂ ਵਿਚ ਪੁਜ ਪਿਉ ਮੰਜਲਾਂ ਨੂੰ ਮਾਰ ਦਾ।
ਪਰੇ ਕੀਤਾ ਸ਼ੇਰ ਤੇ ਬਚਾਇਆ ਸਿਖ ਆਪਣੇ ਨੂੰ,
ਕਿੰਨੂੰ ਨਹੀਂ ਗਿਆਨ ਤੇਰੇ ਏਸ ਚਮਤਕਾਰ ਦਾ।
ਅਗ ਤੇਰੀ ਕੰਬਲੀ ਦਾ ਲੂੰ ਵੀ ਨ ਲੂਹ ਸਕੀ,
ਦਸਦੇ ਨੇ ਸੀਨ ਜਿੰਨਾਂ ਡਿਠਾ ਹਰਦੁਆਰ ਦਾ।
ਰਹਿਮਤਾਂ ਦੇ ਬਦਲਾ, ਪਿਆਰ ਤੇਰੇ ਵੱਸ ਵੱਸ,
ਸੁਕੇ ਦਿਲ ਹਰੇ ਕੀਤੇ ਰੂਪ ਗੁਲਜਾਰ ਦਾ।
ਤੇਰੇ ਦਰ ਉਤੇ ਲਗੀ ਭੀੜ ਰਹਿੰਦੀ ਜਾਚਕਾਂ ਦੀ,
ਵੰਡ ਵੰਡ ਦਾਤਾਂ ਦਾਤਾ ਥੱਕਦਾ ਨਹੀਂ ਹਾਰ ਦਾ।
ਤੇਰੇ ਦਰ ਆਇਆ ਕਦੇ ਖਾਲੀਕੋਈ ਪਰਤਿਆ ਨਹੀਂ,
ਸਦਾ ਦਰ ਖੁਲਾ ਤੇਰਾ ਨਾਨਕੀ ਭੰਡਾਰ ਦਾ।
ਚਲ ਮੇਰੇ ਨਾਲ ਤੇ ਉਠਾਲ ਮੇਰੇ ਬਚੜੇ ਨੂੰ,
ਤੇਰੇ ਅਗੇ ਕਾਲ ਬਾਬਾ ਦਮ ਵੀ ਨਹੀਂ ਮਾਰ ਦਾ।
ਸਾਰੀ ਦੁਖੀ ਦੁਨੀਆਂ ਦੇ ਦੁਖ ਦੂਰ ਕਰਨ ਵਾਲਾ,
ਮਾਈ ਨਾਲ ਟੁਰ ਪਿਆ ਰੂਪ ਕਰਤਾਰ ਦਾ।
ਉਠ ਬੈਠਾ ਬਚਾ ਜਾਂ ਹਜ਼ੂਰ ਦਾ ਚਰਨ ਛੋਹਿਆ,
ਟੁਟ ਗਿਆ ਨਸ਼ਾ ਉਹਦਾ ਮੌਤ ਦੇ ਖੁਮਾਰ ਦਾ।
ਮਣੀ ਮਿਲੀ ਸਪ ਨੂੰ ਪਪੀਹੇ ਨੂੰ ਸ਼ਵਾਂਤ ਬੂੰਦ,
ਰਿਹਾ ਨ ਟਕਾਣਾਂ ਕੋਈ ਖ਼ੁਸ਼ੀ ਦੇ ਅੰਬਾਰ ਦਾ।
ਸੰਗਤਾਂ ਨੇ ਖ਼ੁਸ਼ੀ ਚਿ ਜੈਕਾਰੇ ਤੇ ਜੈਕਾਰਾ ਲਾਇਆ,
ਮਰਤਬਾ ਬੁਲੰਦ ਬੜਾ ਬਾਰਵੇਂ ਉਤਾਰ ਦਾ।

Sri Satguru Jagjit Singh Ji Elibrary NamdhariElibrary@gmail.com

## ਮਾਲਾ ਏ

ਕਿਸੀ ਖਾਦੀ ਚੁਗਲੀ ਲਾ ਉਂਗਲੀ ਲਿਆਂਦਾ ਗੋਰਾ,
ਤੋਰਾ ਰਾਜ ਤੋੜਨੇ ਕੋ ਭੈਣੀ ਗਾਮ ਰਾਮ ਸਿੰਘ।
ਤੋਪੇਂ ਬਨਵਾਵਤਾ ਬਨਾਵਤਾ ਅਘਾਵਾਤਾ ਨਹਿ,
ਦੇਖੇਂ ਜਬ ਰੋਜ ਸ਼ਬ ਜੋਰੋ ਉਨ ਆਮ ਸਿੰਘ।

ਕਹੇ ਲਗ ਪਹੁੰਚ ਗੁਰ ਗਾਮ ਰਾਮਦਾਸ ਪੁਰੇ,
ਦੇਖਾ ਗੋਰੇ ਲੇਖਾ ਨਹਿ ਹੈਂ ਕਿਤਨੇ ਤਮਾਮ ਸਿੰਘ।
ਇਤ ਉਤ ਜਹਾਂ ਕਹਾਂ ਭਲੀ ਭਾਂਤ ਭਾਸੇ ਤਿਸ,
ਖਾਸੇ ਮਤਵਾਰੇ ਥੀਏ ਭਾਰੇ ਪੀਏ ਜਾਮ ਸਿੰਘ।

ਹੋਇਕੇ ਮਾਯੂਸ ਲਾਟ ਡਾਟ ਕੇ ਜਸੂਸੇ ਕਹਿਓ,
ਕਹਾਂ ਕਾਰਤੂਸ ਤੋਪੇਂ ਬਹੁਤ ਹਮ ਭਾਲਾ ਹੈ।
ਦੀਸਤ ਨ ਕਹੂੰ ਕਾਜ ਸਾਜ ਰਾਜ ਲੂਟਨੇਂ ਕਾ,
ਕਹਿਓ ਤੁਮ ਝੂਠ ਇਨ ਸਭੀ ਗਲ ਮਾਲਾ ਹੈ।

ਹੂਈ ਜਾਂਕੀ ਹਾਲ ਫਿਰ ਕਰਿਓ ਬਿਆਨ ਤਿਸ,
ਪੂਛੋ ਮਿਹਰਬਾਨ ਇਨ ਸਭ ਕੇ ਮਹੰਤ ਸੋਂ।
ਐਸੋ ਇੰਤਜਾਮ ਭਾਰੀ ਕੀਉ ਤਿਸ ਰਾਮ ਸਿੰਘ,
ਮਿਲੇ ਨ ਨਿਸ਼ਾਨ ਜਾਂਕਾ ਔਰ ਕਿਸੀ ਜੋਤ ਸੋਂ।
ਆਏ ਕੇ ਨਿਵਾਏ ਸੀਸ ਬੈਠ ਗੋਰੇ ਬਾਤ ਕਰੀ,
ਖੋਜ ਕੀ ਖੁਮਾਰੀ ਮਾਹਿ ਨਾਮਧਾਰੀ ਕੰਤ ਸੋਂ।
ਸੁਨਾਂ ਹਮ ਬਾਬਾ ਸਾਹਿਬ ਤੋਪੇਂ ਤੁਮ ਢਾਲ ਤੇ ਹੋ,
ਔਰ ਢਲਵਾਵਤੇ ਹੋ ਸਭੀ ਸਿਖ ਮੰਤ ਸੋਂ।



Sri Satguru Jagjit Singh Ji Elibrary NamdhariElibrary@gmail.com

ਸ੍ਰੀ ਗੁਰੂ ਰਾਮ ਸਿੰਘ ਨਾਮ ਰਸ ਭਿੰਨੇ ਮੁਖੋਂ,
ਕਹਾ ਅਰੇ ਗੋਰੇ ਤੁਮੇਂ ਕਿਸ ਨੇ ਸਿਖਾਲਾ ਹੈ।
ਭਾਲ ਤੇ ਜੋ ਔਰ ਤੋਪ ਦੇਖੋ ਕਹੀਂ ਔਰ ਠੌਰ,
ਹਮਰੀ ਤੋਂ ਭਾਰੀ ਤੋਪ ਦੇਖੋ ਯਹੀ ਮਾਲਾ ਹੈ।
ਮਾਲਾ ਦੇਖ ਕਿਹਾ ਗੋਰੇ ਬਾਬਾ ਸਾਹਿਬ ਤੋਪ ਇਸ,
ਪਰੇ ਗੋਲਾ ਕਿਤਨਾ ਔ ਰਾਖੈ ਬਲ ਕਿਤਨਾਂ।
ਕੌਣ ਹੈ ਚਲਾਤਾ ਇਸੇ ਕਰਤੀ ਹੈ ਕਬ ਫ਼ੈਰ,
ਪਹੁੰਚੇ ਦੂਰ ਕਿਤਨੀ ਔ ਘਾਵੈ ਦਲ ਕਿਤਨਾਂ।
ਬੋਲੇ ਸਾਹਿਬ ਸੁਣ ਗੋਰੇ ਗੁਣ ਹੈਂ ਬਿਅੰਤ ਇਸ,
ਕਰੇਂ ਫ਼ੈਰ ਸੰਤ ਬਲ ਬੁਧਿ ਸੰ ਬਿਸਾਲਾ ਹੈ।
ਇਕ ਸੌਂ ਹੈ ਆਠ ਗੋਲਾ ਚਲਤੀ ਹੈ ਆਠੋ ਜਾਮ,
ਵਹਿਮੀਂ, ਗੁਰ ਕਹਿਉ ਇਹ ਅਚੂਕ ਤੋਪ ਮਾਲਾ ਹੈ।



Sri Satguru Jagjit Singh Ji Elibrary NamdhariElibrary@gmail.com

## ਚੜ੍ਹ ਕੈ ਨਗੀਨੀ ਚੀਨੀ ਹਰ ਕੈ ਨਬੀਨੀ ਬੁਧਿ

ਬੰਦਗੀ ਜੋਧ ਤੱਪ ਕਰਤ ਬੱਪ ਬਾਂਰਵ ਕੋ,
ਭਈ ਨੱਭ ਬਾਣੀ ਕੋਈ ਬਾਰਯੋਂ ਲਖਾਏਕੈ।
ਸ੍ਰੀ ਗੁਰ ਦਸਮ ਕੀ ਰਸਮ ਬਢਾਵੋ ਜੱਗ,
ਮਗਨ ਗੁਰਿੰਦ ਰਹੇਂ ਲਗਨ ਮਨ ਲਾਏਕੈ।
ਬਹੁਤ ਬੁਰਹਾਲੀ, ਹੋਇ ਸੁਚਾਲੀ ਕੈਸ ਵਾਲੀ ਤੱਬ,
ਸ਼ਕਲ ਦਿਖਾਲੀ ਅਸ ਆਲੀ ਸ਼ਬ ਪਾਏਕੈ।
ਪਾਗ ਗੋਲ ਡੋਲ ਕਰ ਕੱਛ ਸੂੱਛ ਊਨ ਮਾਲ,
ਕਹਿਉ ਬੋਲ ਕਰੋ ਪੁੰਨਰੋਲ ਸੱਚ ਭਾਏਕੈ।
ਚੜ੍ਹ ਕੈ ਨਗੀਨੀ ਚੀਨੀ ਹਰ ਕੈ ਨਬੀਨੀ ਬੁਧਿ,
ਦੀਨੀ ਮਸਕੀਨੀ ਭੀਨੀ ਕਰਿਆ ਸੁਧਾਰ ਪੰਥ।
ਜੱਪ ਤੱਪ ਸਚ ਸੁਚ ਸਬਦ ਕੀ ਮਸਤੀ ਦੇ,
"ਮੜ੍ਹੀ ਗੋਰ ਗਿਰਾਯੇਂ" ਦਸਮ ਵਿਤਾਰ ਸੰਥ।
ਸਭ ਕਰੀ ਮੜ੍ਹੀ ਗੋਰ ਬੜੀ ਗਿਰਵਾਈ ਕਹੇ,
ਹੈ ਕੁਛ ਨਾਹਿ ਬੀਚ ਭਰਮ ਭੂਤ ਕਾਰ ਅੰਥ।
ਪਾਂਚ ਸਿਖ ਕਰ ਅਰਦਾਸ ਧਕੋਂ ਗਿਰੇ ਗੋਰ,
ਟੱਲ ਲਿੰਕ ਤੋੜੇ ਘਨੇਂ ਲਿਖੂੰ ਬਨੇ ਭਾਰ ਗ੍ਰੰਥ।
ਜਦ ਚੀਨੀ ਤੇ ਉਹ ਚੜ੍ਹਿਆ ਸੀ।
ਅਗੇ ਨ ਕੋਈ ਵੀ ਅੜਿਆ ਸੀ।
ਜਿਸ ਜਿਸ ਉਸਦਾਲੜ ਫੜਿਆ ਸੀ।
ਉਸ ਉਚੀ ਆਖ ਸੁਨਾ ਦਿਤਾ।
ਕਲਜੁਗ ਵਿਚ ਚੀਨੀ ਵਾਲੇ ਨੇ,
ਸਤਿ ਜੁਗ ਮੁੜ ਆਕੇ ਲਾ ਦਿਤਾ। [ਵਹਿਮੀ]



Sri Satguru Jagjit Singh Ji Elibrary NamdhariElibrary@gmail.com

# ਗੁਰ ਕੇ

## ਸਵੱਈਆ

ਗੁਰ ਕੇ ਜੱਸ ਹੇਤ ਦੀਵਾਨ ਰਚਾ,
ਗੁਰ ਸਿੱਖਨ ਜੌ ਜੁੜਕੇ ਰੁੜਕੇ ।
ਗੁਰ ਕੇ ਤੇ ਅਨਾਦਰ ਕੋ ਨਿਕਲੇ,
ਖਲ ਬ੍ਰਹਿਮਨ ਰੁੜਕੇ ਕੇ ਜੁੜਕੇ ।
ਗੁਰ ਕੇ ਪ੍ਰਤਾਪ ਨਵਾਕਫ ਵੈ,
ਬਿਖ ਬਿਆਜਤ ਭਏ ਭਲਵੇ ਗੁੜਕੇ ।
ਗੁਰ ਕੇ ਹਿਤ ਹੁਕੇ ਕੇ ਨੀਰ ਸਿਉ,
ਧੋਏ ਬਾਸਨ ਭੇਟ ਧਰੀ ਕੁੜਕੇ ।
ਗੁਰ ਕੇ ਮਨ ਆਏ ਵਸੀ ਉਨਕੀ,
ਗੁਰ ਨਾਂਹਿ ਲਖੀ ਮੱਤ ਕਹੇਂ ਮੁੜਕੇ ।
ਗੁਰ ਕੇ ਕਰ ਸੋਹੇ ਛਟੀ ਤਿਸ ਸੇਂ,
ਗੁਰ ਬਾਹਰ ਸਟੀ ਵਧ ਵੈ ਬੁੜਕੇ ।
ਗੁਰ ਕੇ ਹਿਤ ਭੇਟ ਲਿਆਏ ਹਮੇਂ,
ਹਛ ਦਾਤ ਮਿਲੀ ਹਮ ਹੀਅ ਕੁੜਕੇ ।
ਗੁਰ ਕੇ ਮੁਖ ਸੇ ਨਿਕਸਾ ਬ੍ਰਾਹਮਣ,
ਅਬ ਰਹੋ ਤੁਮ ਹੋਂ ਪਸ ਜਿਉਂ ਬੁੜਕੇ ।
ਗੁਰ ਕੇ ਸੰਗ ਤਿਨੀਂ ਹਿਮਾਇਤ ਅੜਾ,
ਤਿਹ ਨੰਬਰਦਾਰ ਸਾਹਿਬਾ ਭੁੜਕੇ ।
ਗੁਰ ਕੇ ਮੁਖ ਸੇ ਨਿਕਸਾ ਤੂੰ ਭੀ,
ਜੜ ਆਇਉ ਪੁਟਾ ਮਿਲਕੇ ਰੁੜ੍ਹਕੇ ।



Sri Satguru Jagjit Singh Ji Elibrary NamdhariElibrary@gmail.com

ਗੁਰ ਕੇ ਮੁਖ ਵਾਕ ਤੇ ਵਾਧਨ ਕੋ,
ਪੰਜ ਵਿਆਹੋ ਕਰੇ ਨ ਲਿਖੇ ਤੁੜਕੇ ।
ਗੁਰ ਕੇ ਦਰ ਤੇ ਰਹੇ ਬੇਮੁਖ ਜੋ,
ਕਹੇ 'ਵਹਿਮੀ' ਮਰੇ ਰਿਸਕੇ ਲੁੜਕੇ ।

(ਅੜਿਲ)

(ਸਾਹਿਬੇ ਨੂੰ) ਤਿਸੇ ਧੌਂਕਲ ਸਿੰਘ ਜੀਆਦ ਸਿੰਘੋਂ ਨੇ ਪੱਕੜ ਕੇ ਕਿਲੇ ਆਲਿਮਗੀਰ ਕੇ ਪਾਸ ਬੇਰ ਸੰਗ ਜਕੜ ਕੇ । ਬੀ ਸੌਂ ਪਨ ਹੀ ਸਿਰ ਮਾਰੀ ਭੇਦ ਜਨਾਏ ਕੇ । ਹੈ ਜੋ ਤੂੰ ਗੁਰਸੰਗ ਅੜਾ ਜੂਤ ਤਿਸ ਭਾਇਕੇ ।

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ:.........
ਅਲਮਾਰੀ .........
ਸ੍ਰੀ ਭੈਣੀ ਸਾਹਿਬ

## ਸੰਤ ਟਹਿਲਸਿੰਘ ਜੀ ਤੇ ਸਤਿਗੁਰੂ ਰਾਮ ਸਿੰਘ ਜੀ

ਵਲੋਂ ਸੰਤ ਸੁੰਦਰ ਸਿੰਘ ਜੀ ਸ਼ੇਖਮ ਹਾਲ ਬੈਂਕੋਕ ਸਿਆਮ

ਬੈਠੇ ਸਤਿਗੁਰੂ ਜੀ ਵਿਚ ਬੰਗਲੇ ਦੇ,
ਨਾਨੂੰ ਸਿੰਘ ਜੀ ਭੀ ਸੋਭਾ ਪਾਂਵਦੇ ਨੇ ।
ਮਿਠੀ ਸੁਰ ਦੇ ਵਿਚ ਗੁਰ ਸਬਦ ਗਾਵਨ,
ਸਿੰਘ ਹੋਰੀਂ ਗਲਾਸ ਵਜਾਂਵਦੇ ਨੇ ।
ਭਿੰਨੀ ਰੈਨ ਤੇ ਚਮਕਦੇ ਹੈਨ ਤਾਰੇ,
ਸਤਿਗੁਰ ਵਿਚ ਵੈਰਾਗ ਹੋ ਜਾਂਵਦੇ ਨੇ ।



Sri Satguru Jagjit Singh Ji Elibrary NamdhariElibrary@gmail.com

ਕਹਿੰਦੇ ਸ਼ੇਰ ਗੱਜਨ ਹੋਵੇ ਵਾੜ ਨਾਗਾਂ,
ਪ੍ਰੇਮੀ ਫਿਰ ਭੀ ਮਿਲਨ ਨੂੰ ਆਂਵਦੇ ਨੇ।
ਗੁਰੂ ਸਿਖ ਦਾ ਪ੍ਰੇਮ ਜੋ ਲਿਖਿਆ ਏ,
ਸਿਖ ਪੂਰਾ ਸੋ ਕਰ ਵਖਾਂਵਦੇ ਨੇ।
ਉਹ ਤੇ ਚੀਰ ਸਮੁੰਦਰਾਂ ਖਾਰਿਆਂ ਨੂੰ,
ਆਹਾ ਮੌਤ ਤੋਂ ਖ਼ੌਫ ਨ ਖਾਂਵਦੇ ਨੇ।
ਬੇੜਾ ਸਿਦਕ ਦਾ ਪਾਰ ਹੈ ਨਾਨੂੰ ਸਿੰਘਾ,
ਹੋਰ ਕਚੜੇ ਪਰੇਮ ਅਖਵਾਂਦਦੇ ਨੇ।
ਬਾਹਰ ਖਲੇ ਸੀ ਟਹਿਲ ਸਿੰਘ ਬੰਗਲੇ ਦੇ,
ਸਤਿਗੁਰਾਂ ਤੋਂ ਘੋਲ ਘਮਾਂਵਦੇ ਨੇ।
ਸੁਣੋ ਸਿਖੋ ਰੰਗੂਨ ਦੇ ਬੰਗਲੇ ਵਿ,
ਬੂਟਾ ਅੰਬ ਦਾ ਵਡੇ ਵਿਸਥਾਰ ਦਾ ਸੀ।
ਮੂਹਲੇਦਾਰ ਦਾ ਮੀਂਹ ਪਿਆ ਬਰਸਦਾ ਸੀ,
ਕਾਲੀ ਰਾਤ ਤੇ ਬੱਦਲ ਗੁੰਜਾਰ ਦਾ ਸੀ।
ਟਹਿਲ ਸਿੰਘ ਖੜਾ ਹੇਠ ਅੰਬ ਉਦੋਂ,
ਤੇ ਸਲੋਕ ਫਰੀਦ ਉਚਾਰਦਾ ਸੀ।
ਗਲੀਆਂ ਚਿੱਕੜ ਤੇ ਘਰ ਹੈ ਦੂਰ ਤੇਰਾ,
ਉਚੀ ਸੁਰ ਦੇ ਨਾਲ ਪੁਕਾਰਦਾ ਸੀ।
ਸੁਣੀ ਸੁਰ ਜਾਂ ਸਤਿਗੁਰੂ ਰਾਮ ਸਿੰਘ ਨੇ,
ਸਿਖ ਮੰਗਦਾ ਖੈਰ ਦੀ ਦਾਰਦਾਸੀ।
ਅਗੋਂ ਆਖਦੇ ਸਤਿਗੁਰੂ ਟਹਿਲ ਸਿੰਘਾ,
ਧੰਨ ਆਂਵਣਾ ਹੋਇਆ ਪਿਆਰ ਦਾ ਸੀ।



Sri Satguru Jagjit Singh Ji Elibrary NamdhariElibrary@gmail.com

ਮੈਂ ਕੁਰਬਾਨ ਹਾਂ ਐਸਿਆਂ ਸੇਵਕਾਂ ਤੋਂ,
ਕੀਤਾ ਦਰਸ ਜਿਨਾਂ ਦਿਲਦਾਰ ਦਾ ਸੀ।
ਪ੍ਰੀਤਮ ਖੜੇ ਸੀ ਬਾਹਰ ਹੋ ਬੰਗਲੇ ਤੋਂ,
ਸਜਲ ਨੇਤਰੀ (ਸੇਵਕ) ਨਿਹਾਰ ਦਾ ਸੀ।

ਹੁਕਮ ਨਾਮਾ ਸਤਿਗੁਰਾਂ ਤੋਂ ਪਾ
ਲਿਆ ਸੰਤ ਜੀ ਪੇਚ ਵਲਾ।
ਹੋਈ ਤਲਾਸੀ ਕੀਤਾ ਯਾਦ।
(ਗੁਰ) ਰਖਿਆ ਪੜਦਾ ਸੁਣ ਫਰਯਾਦ।

'ਵਹਿਮੀ'

## ਸਿਟਾ ਸਿਦਕ

ਚੀਨੀ ਅਸਵਾਰ ਗੁਰ ਸੰਗਤ ਅਪਾਰ ਵਿਚ,
ਰੰਗ ਕਰਤਾਰ ਸੰਗ ਰੰਗਿਆ ਅਲਾਇਆ ਸੀ।
ਬਾਣੀ ਦਾ ਪਿਆਰ ਨਿਰਾ ਨਾੜ ਜਿਹਾ ਜਾਪਦਾ ਏ,
ਸੁਣ ਮਨ ਸਾਧੂਆਂ ਦੇ ਮੰਸਾ ਜਿਹਾ ਛਾਇਆ ਸੀ।
ਫਿਰ ਇਕ ਰੋਜ ਗੁਰਾਂ ਆਏ ਉਸੀ ਮੌਜ ਵਿਚ,
ਨਾਮ ਨੂੰ ਭੀ ਨਾਲ ਚਾਏ ਤੋਹਾਂ ਦੇ ਮਿਲਾਇਆ ਸੀ।



Sri Satguru Jagjit Singh Ji Elibrary NamdhariElibrary@gmail.com

ਰੋਏ ਸੰਤ ਜਵਾਹਰ ਸਿੰਘ ਮੱਥੇ ਹਥ ਮਾਰ ਕਿਹਾ,
ਕੀਤਾ ਜੇ ਖੁਵਾਰ ਏਡਾ ਅਸਾਂ ਕੀ ਗਵਾਇਆ ਸੀ।
ਬਾਣੀ ਦੇ ਹਾਂ ਬੰਦੇ ਅਸੀਂ ਨਾਮਦੇ ਹਾਂ ਨਾਮਧਾਰੀ,
ਸਿਰ ਮਥੇ ਮੰਨਿਆ ਜੋ ਮੁਖੋਂ ਫੁਰਮਾਇਆ ਜੇ।
ਬਾਣੀ ਨੂੰ ਬਣਾਇਆ ਨਾੜ ਨਾਮ ਨੂੰ ਅਲਾਇਆ ਤੋਹ,
ਸਿਟਾ ਦਸੋ ਸਾਡੇ ਕੋਲੋਂ ਕਿਥੇ ਸੋ ਲੁਕਾਇਆ ਜੇ।
ਤੈਸੇ ਇਕ ਸਮੇਂ ਗੁਰਾਂ ਲੰਮੀਂ ਭੁਜਾ ਕਰ ਕਿਹਾ,
ਆਉ ਭਾਈ ਤੁਸਾਂ ਤਾਈਂ ਸਿਟਾ ਸਮਝਾਈਏ।
ਜਿਦੇ ਬਿਨਾਂ ਨਾਮਬਾਣੀ ਸੇਵਾ ਇਸ਼ਨਾਨ ਦਇਆ,
ਪਵੇ ਨ ਕੋਈ ਲੇਖੇ ਰਵੇ ਕੀਤੀ ਨ ਕਮਾਈ ਏ।
ਨਿੰਦਨੇ ਕਿਉਂ ਜਿਨ੍ਹਾਂ ਬਿਨਾਂ ਜਿੰਦੇ ਪਲ ਰਹਿਨ ਨਾਹੀ,
ਬਾਣੀ ਨਾਮ ਵਿਚ ਤਾਂ ਭਲਾਈ ਹੀ ਭਲਾਈ ਏ।
ਨਾੜ ਤੋਹ ਢੇਰ ਭਾਵੇਂ ਕਿਸ ਕੰਮ ਆਖਿਆ ਮੈਂ,
ਪੱਲੇ ਜੇ ਨ ਪਵੇ ਇਹਦੇ ਸਿਟਾ ਇਕ ਰਾਈਏ।
ਸਿਟਾ ਸੋ ਸਿਦਕ ਭਾਈ ਥਣਿਆਂ ਜੋ ਰਵੇ ਇਹਦਾ,
ਸੁਣਿਆਂ ਜੇ ਮੰਨਿਆਂ ਜੇ ਹੋਰਾਂ ਨੂੰ ਸੁਣਾਇਆ ਜੇ।
ਸ੍ਰੀ ਗੁਰੂ ਨਾਨਕ ਜੀ ਮਾਨਕ ਅਮੋਲ ਵਾਕ,
ਕਿਹਾ ਇਹ ਅਜਿਤੇ ਭਾਈ ਸਿਟਾ ਨ ਲੁਕਾਇਆ ਜੇ।
ਸਿਟਾ ਸਿਦਕ ਨਿਭੇ ਜਿਦਾ ਭਾਈ,
ਸਿਦਕੋਂ ਬਿਨਾਂ ਨ ਲੇਖੇ ਰਾਈ।
(ਵਹਿਮੀਂ) ਸਿਦਕ ਜੋ ਛਡਿਆ ਸਿਖੀਉਂ ਖਾਰਜ ਹੋਏ।
ਜੋ ਫਿਰ ਸਿਦਕ ਜਮਾ ਮਰੇ ਮੁਕਤੇ ਕਹੇ ਗੁਰ ਸੋਏ।



Sri Satguru Jagjit Singh Ji Elibrary NamdhariElibrary@gmail.com

# ਉਹ ਮਨਸੂਰ ਹੋਰੀ ਸਾਡੇ ਨਾਲ ਦੇ ਸਨ

ਮਾਰ ਬੁਚੜਾਂ ਨੂੰ ਅੰਮ੍ਰਿਤਸਰੋਂ ਸੂਰੇ,
ਪੁਜੇ ਪਾਸ ਜਾਂ ਦੀਨ ਦਿਆਲ ਦੇ ਸਨ।
ਤੰਗ ਪੁਲਸ ਪੁਜਾਰੀ ਨਿਹੰਗ ਕੀਤੇ,
ਬੀਤੇ ਬਚਨ ਦਸੇ ਸਚੇ ਹਾਲ ਦੇ ਸਨ।
ਸਾਹਿਬਾਂ ਮੱਤ ਦਿਤੀ ਸਚ ਧਰਮ ਪਾਲੋ,
ਸੁਣਦੇ ਸਿੰਘ ਆਏ ਨਾਲ ਕਾਲੂ ਦੇ ਸਨ।
ਮਿਲ ਹਾਕਮਾਂ ਮੰਨ ਸਬੂਤ ਦੇ ਕੇ,
ਜਦੋਂ ਫਾਹੇ ਰਸੇ ਗਲੀਂ ਡਾਲ ਦੇ ਸਨ।
ਲੋਕੀ ਪੁਛਦੇ ਮਿਲੀ ਇਹ ਘਾਲ ਕਿਥੋਂ,
ਤਾਂ ਉਹ ਬੋਲਦੇ ਨਾਲ ਜਲਾਲ ਦੇ ਸਨ।
ਜਿੰਨਾਂ ਸੂਲੀਆਂ ਦੇ ਉਤੇ ਲੈ ਝੂਟੇ,
ਉਹ ਮਨਸੂਰ ਹੋਰੀ ਸਾਡੇ ਨਾਲ ਦੇ ਸਨ।
ਰਾਏ ਕੋਟ ਸਾਕਾ ਗਊ ਰਖਿਆ ਦਾ,
ਕੀਤਾ ਵੱਜ ਜਾਂ ਗੁਰੂ ਸਵਾਰਿਆਂ ਨੇ।
ਕਾਂਨ੍ਹੇਂ ਦਲੂ ਚੁਗਲਾਂ ਭਾਰਾ ਖੋਟ ਕੀਤਾ,
ਲੀਤਾ ਮੰਨ ਕਾਰਾ ਸਾਰਾ ਸਾਰਿਆਂ ਨੇ।
ਲਗਾ ਜੱਜ ਨੂੰ ਪਤਾ, ਕੁਚੱਜ ਕੀਤਾ,
ਮੰਦੇ ਹਾਕਮਾਂ ਦੇ ਗੰਦੇ ਕਾਰਿਆਂ ਨੇ।
ਗਿਆਨੀ ਸਿੰਘ ਅਫਸੋਸ ਫਸਾ ਦਿਤਾ;
ਕੀਤੀ ਹੱਤਿਆ ਹੈ ਧੜੇ ਹਾਰਿਆਂ ਨੇ।
ਓਸ ਕਿਹਾ ਗਿਆਨੀ ਸਿੰਘਾ ਛਡ ਦੇਣਾਂ,



Sri Satguru Jagjit Singh Ji Elibrary NamdhariElibrary@gmail.com

ਤੈਂਡੋਂ ਸੁਖਨ ਸਮਾਲ ਸੁਪਾਰਿਆਂ ਨੇ ।
ਜੈ ਤੂੰ ਮੁਕਰ ਜੈਂ ਉਤਰ ਜੈਂ ਫਾਹੇ ਉਤੋਂ,
ਚਾਹੇ ਕੁਫਰ ਕੀਤਾ ਪੁਲਸ ਮਾਰਿਆਂ ਨੇ ।
ਜੋਧੇ ਕਿਹਾ ਹੁੰਦੇ ਵਨਜ ਲਾਹ ਵੰਦੇ,
ਕਦੇ ਮਨੁਖ ਦਨਾ ਨ ਟਾਲ ਦੇ ਸਨ ।
ਨ ਹਜਾਰੋਂ ਗਏ ਸੀ ਸੱਦੇ ਭਾਬੀਆਂ ਦੇ,
ਬਧੇ ਚਾ ਹਾਰੇ ਜੋ ਸਿਆਲ ਦੇ ਸਨ ।
ਰਖ ਹੱਦ ਸਾਈਂ ਸਿਰ ਮੱਧ ਵਾਂਗੂ,
ਆਸ਼ਕ ਵੱਧ ਫਿਰ ਵਹਿਦਿਆਂ ਪਾਲਦੇ ਸਨ ।
(ਵਹਿਮੀ) ਮਰਕੇ ਜਿਊਣ ਮਨਜੂਰ ਸਾਨੂੰ,
ਉਹ ਮਨਸੂਰ ਹੋਰੀ ਸਾਡੇ ਨਾਲ ਦੇ ਸਨ ।

## ਹੱਸ ਹੱਸ ਤੋਪਾਂ ਅਗੇ ਗਏ ਨਾਮ ਧਾਰੀਏ

ਗਊਆਂ ਜਾਂ ਪੁਕਾਰ ਕੀਤੀ ਗੁਰੂ ਕਰਤਾਰ ਅਗੇ,
ਵਗੇ ਗਲ ਛੁਰੀ ਸਾਡੇ ਡਾਢੀ ਹੀ ਲਾਚਾਰੀ ਏ
ਕਰਦੇ ਨ ਗੌਰ ਗੋਰੇ ਡਰਦੇ ਨ ਤੁਰਕ ਤੈਥੋਂ,
ਸਾਥੋਂ ਭੀ ਇਹ ਸਹੀਦੀ ਨ ਜੁਲਮ ਦੀ ਬੀਮਾਰੀ ਏ
ਸੀਨੇ ਚੋਂ ਜਨਮਿਆਂ ਸੁਬੀਰਾਂ ਨੂੰ ਸੁਣਾਯਾ ਗੁਰਾਂ,



Sri Satguru Jagjit Singh Ji Elibrary NamdhariElibrary@gmail.com

ਸੂਰਮੇ ਦੀ ਦੀਨਾਂ ਹਿਤ ਹੁੰਦੀ ਜਿੰਦ ਵਾਰੀ ਏ।
ਖਿਤਾ ਸਤਿਗੁਰ ਜੀ ਦਾ ਕਿਹਾ ਸਤ ਮਾਨ ਲੀਤਾ,
ਪੀਤਾ ਗੁਰ ਮਤ ਪਿਆਲਾ ਕੀਤੀ ਚਾ ਤਿਆਰੀ ਏ।
ਗਊਆਂ ਦੇ ਦਰੇਗ ਵਾਲਾ ਹਉਕਾ ਭਰ ਹੌਕਾ ਦਿਤਾ;
ਮੌਕਾ ਜਿਨਾਂ ਜਾਨ ਨਾਲੋਂ ਧਰਮ ਕਾਰ ਪਿਆਰੀ ਏ।
ਗੁਰਧਾਮੋਂ ਟੁਰ ਤੁਰਕ ਘੁਰਨਿਆਂ ਚੋਂ ਬੁਰੇ ਹਾਲ,
ਸੂਰਿਆਂ ਸੰਭਾਲ ਮਾਰੇ ਸੰਗ ਹੁਸ਼ਿਆਰੀ ਏ।
ਮਲਿਆ ਮਦਾਨ ਮੱਲਾਂ ਤੋੜਿਆ ਕਾਨੂੰਨ ਗੜ,
ਵੇਖਦੇ ਚੌਇ ਲੋਕ ਖੜ ਸ਼ੌਕ ਦੀ ਖਮਾਰੀ ਏ।
'ਵਹਿਮੀ' ਜੱਸ ਕਹੇ ਬਿਨਾਂ ਕਾਵਨ ਦੇ ਨੱਸ ਨੱਸ,
ਹੱਸ ਹੱਸ ਤੋਪਾਂ ਅਗੇ ਗਏ ਨਾਮ ਧਾਰੀਏ।
ਪੂਰਿਆਂ ਧਰਮ ਕੀਤਾ ਗੋਰਿਆਂ ਬੇ ਸਮਝਾਂ ਨੇ,
ਊਰਿਆਂ ਦੇ ਆਖੇ ਲਗ ਉਲਟੀਆਂ ਵੀਚਾਰੀਆਂ।
ਵੇਚਾਰੀਆਂ ਗ੍ਰੀਬਾਂ ਗਊਆਂ ਵਾਸਤੇ ਨ ਕੁਝ ਕੀਤਾ,
ਸੂਰਿਆਂ ਵਿਰੁਧ ਸਗੋਂ ਤੋਪਾਂ ਬੀੜ ਡਾਰੀਆਂ।
ਡਾਰੀਆਂ ਦੇ ਪੂਤ ਦੂਤੀ ਦੇਖਣੇ ਨੂੰ ਭੂਤ ਆਏ,
ਜੀਂਦਿਆਂ ਨੂੰ ਦੇਖ ਜਿਨ੍ਹਾਂ ਬਹੁਤ ਸੀ ਬੇਜ਼ਾਰੀਆਂ।
ਜ਼ਾਰੀਆਂ ਪਤੰਗਾਂ ਦਹਾਂ ਤੋਪ ਦੀ ਸ਼ਬ੍ਹਾਤ ਉਤੇ,
ਜੋੜੇ ਰਹੇ ਰਹੀਆਂ ਰੈਣ ਉਹਨਾਂ ਇੰਤਜ਼ਾਰੀਆਂ।
ਤਜਾਰੀਆਂ ਕਰਨ ਹਿਤ ਬਿਸ਼ਨ ਹਰਿ ਹਰਨਾਮ ਹਰੀ,
ਖਿਚ ਦਾੜੀ ਕਾਵਨ ਦੀ ਦਿਕਤਾਂ ਵਸਾਰੀਆਂ।
ਸਾਰੀਆਂਹੀਕੌਮਾਂ ਵਹਿਮੀ ਤਾਈਓਂ ਅਜਕਹਿਣਉਹਨਾਂ,
ਸੋਹਣੀ ਆਨ ਰਖੀ ਉਸ ਵੇਲੇ ਨਾਮਧਾਰੀਆਂ।



Sri Satguru Jagjit Singh Ji Elibrary NamdhariElibrary@gmail.com

# ਚੰਗਾ ਜਾਣ ਦਾ ਸਿਧਿਆਂ ਸਾਦਿਆਂ ਨੂੰ

ਪਖੀ ਵਾਸ ਰੋਵੇ ਬਾਬਾ ਤੁਧ ਡੇਰੇ,
ਇਹੋ ਜਿਹਾ ਹੀ ਆਇਆਂ ਕੜਾਹ ਮਿਲਦਾ।
ਤੇਰੇ ਸਿਖ ਨੇ ਮਾਰ ਅਜੇਹੀ ਕੀਤੀ,
ਮੇਰਾ ਸਾਹ ਦੇ ਨਾਲ ਨਹੀਂ ਸਾਹ ਮਿਲਦਾ।
ਧਕੇ ਲਤਾਂ ਗ਼ੀਬ ਨੂੰ ਪੈਂਦੀਆਂ ਨ,
ਕਰ ਛਡਦੌਂ ਨਾਂਹ ਸੁਬਾਹ ਮਿਲਦਾ।
ਨ ਮੈਂ ਮੰਗਦਾ ਸਬਰ ਕਰ ਲੰਘ ਜਾਂਦਾ,
ਹੁੰਦੀ ਖਬਰ ਤੁਭੌਂਤ ਜੇ ਆਹ ਮਿਲਦਾ।
ਗੁਰਾ ਇਹ ਨਹੀਂ ਸੀ ਹਾਸੀ ਤੁਧ ਕਰਨੀ,
ਅਸਾਂ ਬੇਤਾਨਾਂ ਖੇ ਇਮਦਾਦਿਆਂ ਨੂੰ।
ਸੁਣਕੇ ਅਸੀਂ ਆਏ ਸੀ ਭੈਣੀ ਸਾਹਿਬ ਵਾਲਾ,
ਚੰਗਾ ਜਾਣਦਾ ਸਿਧਿਆਂ ਸਾਦਿਆਂ ਨੂੰ।
ਹਰੀ ਸਿੰਘ ਸਤਿਗੁਰੂ ਜੀ ਹੱਸ ਬੋਲੇ,
ਮੁਹਿੰਗਾ ਬੁਢਿਆ ਸਾਡਾ ਕੜਾਹ ਮਿਲਦਾ।
ਜਾਂ ਇਹ ਮਿਲੇ ਤਲਵਾਰ ਤੇ ਕਦਮ ਧਰਿਆਂ,
ਜਾਂ ਮਰਿਆਂ ਮਰ ਮਿਲਿਆਂ ਸੁਆਹ ਮਿਲਦਾ।
ਜਾਂ ਇਹ ਮਿਲੇ ਪ੍ਰੇਮ ਦੇ ਵਹਿਣ ਰੁੜਿਆਂ,
ਜਾਂ ਇਹ ਜੁੜਿਆਂ ਹੈ ਤਾਰੂ ਮਲਾਹ ਮਿਲਦਾ।
ਜਾਂ ਇਹ ਮਿਲਦਾ ਹੈ ਪੀਤਿਆਂ ਘੋਲ ਮੌਹਰਾ,
ਜਾਂ ਇਹ ਕੀਤਿਆਂ ਆਪ ਤਬਾਹ ਮਿਲਦਾ।
ਮਿਲੇ ਮੁਫਤ ਜੋੜੇ ਮੁਫਤ ਔਣ ਏਧਰ,



Sri Satguru Jagjit Singh Ji Elibrary NamdhariElibrary@gmail.com

ਮਿਲੇ ਮੁਫਤ ਜਾਂ ਦਿਲਾਂ ਦੇ ਖਾਦਿਆਂ ਨੂੰ।
ਬੁਢੇ ਸਭ ਜਾਣੀ ਜਾਂ ਇਹ ਮਿਲੇ ਫਾ ਗੱਫਾ,
ਚੰਗਾ ਜਾਣ ਕੇ ਸਿਧਿਆਂ ਸਾਦਿਆਂ ਨੂੰ।
ਕਰ ਹੌਸਲਾ ਭਲਾ ਲਿਲਾਟ ਤੇਰਾ,
ਤੈਨੂੰ ਹੁਣੇ ਪ੍ਰਸਾਦ ਬਮਾਹ ਮਿਲਦਾ।
ਹੋਯਾ ਤੁਰਤ ਤਭੋਂਤ ਤਿਆਰ ਅਮਰੋਂ,
ਮਿਲਿਆ ਰੱਜ ਨ ਜਿਨਾਂ ਗਰਾਹ ਮਿਲਦਾ।
ਨਦਰਾਂ ਨਿਮਖ ਦੇ ਵਿਚ ਨਿਹਾਲ ਹੋਇਆ,
ਨਾਲ ਸਾਹ ਨਹੀਂ ਸੀ ਜਿਦਾ ਸਾਹ ਮਿਲਦਾ।
ਕੌਣ ਜੰਮਿਆਂ ਜਰਾ ਜੋ ਰੋਕ ਪਾਵੇ,
ਜਿਨੂੰ ਧੁਰੋਂ ਬਖਰਾ ਖਾਹ ਮਖਾਹ ਮਿਲਦਾ।
ਕਹਿੰਦਾ ਮਸਤ ਹੋ ਜੀਆਂ ਨ ਸਿਦਕ ਆਵੇ,
ਪੂਰਾ ਕਰੇਂ ਤੂੰ ਗੁਰਾਂ ਇਰਾਦਿਆਂ ਨੂੰ।
ਸਾਧੂ ਸਚ ਆਖਣ ਭੈਣੀ ਸਾਹਿਬ ਵਾਲਾ,
ਚੰਗਾ ਜਾਣਦਾ ਸਿਧਿਆਂ ਸਾਦਿਆਂ ਨੂੰ।
ਵੇਖ ਕਾਰ ਅਭੇਤ ਇਹ ਸਾਧੂਆਂ ਨੇ,
ਭੇਤ ਲੈਣ ਦੇ ਲਈ ਜਾਂ ਭਾਲ ਕੀਤੀ।
ਲਗਾ ਪਤਾ ਸਵੇਰ ਦੀ ਗੁਰੂ ਜੀ ਨੇ,
ਹੈਸੀ ਹਾਂਅ ਇਸ ਬਿਰਦ ਦੇ ਨਾਲ ਕੀਤੀ।
ਏਸੇ ਹੇਤ ਚੁਬਾਰੇ ਚ ਘੁਟ ਵਖੀ,
ਪੀੜ ਪੀੜ ਕਹਿ ਕੇ ਹਾਲ ਹਾਲ ਕੀਤੀ।
ਘਿਉ ਦੁਧ ਪੀਤਾ ਮੰਗ ਆਖ ਉਠੇ,
ਬਾਹਰ ਖਿਚ ਹੈ ਕਿਸੇ ਕਮਾਲ ਕੀਤੀ।



Sri Satguru Jagjit Singh Ji Elibrary NamdhariElibrary@gmail.com

ਲਖ ਚੋਜ ਸਾਧਾਂ ਕਿਹਾ ਜ਼ਰੇਂ ਲਤਾਂ,
ਪੂਰਾ ਕਰੇਂ ਐਪਰ ਗੁਰਾਂ ਵਾਹਦਿਆਂ ਨੂੰ।
ਤੇਰਾ ਧੰਨ ਜੇਰਾ ਸਾਧੂ ਕਹਿਣ ਵਹਿਮੀ,
ਚੰਗਾ ਜਾਣ ਦਾ ਸਿਧਿਆਂ ਮਾਂਦਿਆਂ ਨੂੰ।

---

ਇਸੇ ਸਮਸਿਆ ਚਿ ਭੀਲਨੀ, ਬਿਦਰ ਦੀ ਘਰਨੀ ਤੇ ਕ੍ਰਿਸਨ, ਦਰਯੋਧਨ, ਤੇ ਤ੍ਰਲੋਚਨ ਤੇ ਠਾਕਰ ਦੀ ਵਾਰਤਾ ਸੋਰਠ ਬੀਜੇ ਦੇ ਅੰਤਲੇ ਪੰਨਿਆਂ ਤੇ ਪੜੋ। ਵਹਿਮੀ (ਕ੍ਰਿਤ)

## ਲੈਜਾਣ ਵਾਲਾ

ਉਨੀ ਸੌ ਅਠਾਈ ਦੀ ਮਾਘ ਸੁਛਵੀਂ,
ਵਾਂਗ ਅਤਿ ਦੀ ਕਾਂਗ ਹੋ ਬੁਰੀ ਆਈ।
ਭਰਥ ਗੋਪੀਆਂ ਜਿਉਂ ਸਾਦਕ ਪ੍ਰੇਮੀਆਂ ਲਈ,
ਲਗੀ ਹੋਣ ਪੂਰੀ ਰੀਤ ਟੁਰੀ ਆਈ।
ਸਾਬਰ ਸੂਰਿਆਂ ਦਾ ਕਦਰ ਪੂਰਿਆਂ ਦਾ,
ਪੂਰਾ ਪਾਣ ਵਾਲੀ ਚੀਰਾ ਘੁਰੀ ਆਈ।
ਪ੍ਰੀਤਮ ਪਰੇਮੀਆਂ ਵਿਚ ਜਰੂਰ ਜੋੜੀ,
ਦੂਰੀ ਦਰਦ ਲੈ ਕੇ ਬਿਰਹਾ ਛੁਰੀ ਆਈ।
ਭਾਣਾਂ ਵਰਤਨਾਂ ਅਸਾਂ ਬਦੇਸ ਜਾਣਾਂ,



Sri Satguru Jagjit Singh Ji Elibrary NamdhariElibrary@gmail.com

ਸਮਾਂ ਆਣ ਵਾਲਾ ਫੁਰਮਾਣ ਵਾਲਾ।
ਪੌਣ ਜਲ ਅਗਨੀ ਜੈਂਦਾ ਅਮਰ ਸੈਨੈਂ,
ਉਹਨੂੰ ਕੌਣ ਸੀ ਕਿਤੇ ਲੈਜਾਣ ਵਾਲਾ।
ਸ੍ਰੀ ਭਰਥ ਜਿਉਂ ਆ ਭਰਾ ਛੋਟੇ,
ਹਥ ਜੋੜ ਜਾਂ ਰੋਇ ਅਰਦਾਸ ਕੀਤੀ।
ਆਪ ਰਹੋ ਜੀ ਦਿਹੋ ਬਨਬਾਸ ਮੈਨੂੰ,
ਪਕੀ ਰਾਮ ਜੀ ਦੇ ਧਰਵਾਸ ਕੀਤੀ।
ਮੁਖੀਏ ਬਣ ਜਿਉ ਮੁਖ ਸ੍ਰੀਰ ਸੰਗਤ,
ਦੀ ਸੰਭਾਲ ਰਖੋ ਰਸ ਰਾਸ ਕੀਤੀ।
ਇਹ ਦੀ ਨੀਂਵ ਅਕਾਲ ਪਤਾਲ ਰਖੀ,
ਹੋਵੇ ਨਾਸ ਨ ਕਿਸੇ ਦੀ ਨਾਸ ਕੀਤੀ।
ਡੇਰੋਂ ਅਕਣਾਂ ਨ ਤਕਦੇ ਰਾਹ ਰਹਿਣਾਂ,
ਚਾਰਾ ਰਖਣਾਂ ਲਾਈ ਨਿਭਾਣ ਵਾਲਾ।
ਟਾਪੂ ਵਾਸੀ ਜਗ ਆਸ੍ਰਆਂ ਹਿਤ ਮੈਲੇ,
ਮੈਲੇ ਚਿਤ ਨਹੀਂ ਕਿਤੇ ਲੈ ਜਾਣ ਵਾਲਾ।
ਦਇਆ ਧਰਮ ਧਰਤੀ ਕਰ ਵਿਜੋਗ ਰੂੰਨੇ,
ਟੁਰੇ ਰਾਮ ਜਦ ਵਰਤਿਆ ਸੋਗ ਸਾਰੇ।
ਆਸਾਂ ਮਨ ਹੈਸਨ ਜੋ ਅਕਾਸ਼ ਜਿਡੀਆਂ,
ਉਹਨਾਂ ਸਾਡੀਆਂ ਦੇ ਪੈ ਗਏ ਭੋਗ ਸਾਰੇ।
ਸੁਧਾਂ ਭੁਲੀਆਂ ਡੁਲ੍ਹਨ ਅਵੱਸ ਆਂਸੂ,
ਸੰਗੀ ਸੰਗ ਹੋਏ ਰੂਪ ਵਿਜੋਗ ਸਾਰੇ।
ਗਡੇ ਵਿਚ ਬੈਠਾ ਵਡੇ ਪਾਤਸ਼ਾਹ ਨੂੰ,
ਵੇਖ ਛਡ ਕਾਰਾਂ ਆਏ ਲੋਗ ਸਾਰੇ।



Sri Satguru Jagjit Singh Ji Elibrary NamdhariElibrary@gmail.com

ਬੈਠਾ ਵਿਚ ਮੁਸਾਫਰਾਂ ਮਗਨ ਹੋਕੇ,
ਮੋਮਨ ਕਾਫਰਾਂ ਤਾਈਂ ਬਨਾਣ ਵਾਲਾ।
ਹੋ ਗਏ ਗੁੰਮ ਟੇਸ਼ਨ ਉਤੇ ਘੁੰਮਨ ਗੋਰੇ,
ਚਾ ਲਹਿ ਗਿਆ ਕਿਤੇ ਲੈ ਜਾਣ ਵਾਲਾ।
ਨਠ ਹਾਰ ਡਿਠਾ ਪਿਆ ਦਿਸ ਓਥੋਂ,
ਢਠੇ ਦਿਲਾਂ ਦੀ ਢਾਰਸ ਬੰਧਾਨ ਵਾਲਾ।
ਬੈਠਾ ਰੇਲ ਤੇ ਡਿਠੋ ਸੂ ਸਿਖ ਬੁਢਾ,
ਨਠਾ ਆਂਵਦਾ ਸਿਕ ਮਹਾਨ ਵਾਲਾ।
ਚਲੇ ਰੇਲ ਨ ਵੇਲਨ ਬਰੇਕ ਮੁੜ ਮੁੜ,
ਗੋਰੇ ਤਾਨ ਲਾ ਬਕੇ ਲੁਕਮਾਨ ਵਾਲਾ।
ਰੋ ਰੋ ਕਰਨ ਅਰਜ਼ਾਂ ਪਰੇਮੀ ਕਦੋਂ ਹੋਸੀ,
ਪ੍ਰੀਤਮ ਦਰਸ ਫਿਰ ਉਚੜੀ ਸ਼ਾਨ ਵਾਲਾ।
ਬੋਲੇ ਭੋਲਿਉ ਲਿਆ ਹੈ ਵੇਖ ਸਭਨਾਂ,
ਬਿਲੇ ਲਾ ਹਾਰੇ ਤਾਨ ਮਾਨ ਵਾਲਾ।
ਦਿਤਾ ਦੱਸ ਹੈ ਜਿਤ ਕੋਈ ਸਕਦਾ ਨਹੀਂ,
ਚਿਤ ਆਈ ਹਾਂ ਕਰਨ ਕਰਾਨ ਵਾਲਾ।
ਧਰਮ ਹੇਤ ਮਾਨੁਖ ਦੇਹ ਧਰਾਂ ਜਦ ਭੀ,
ਦੁਖ ਸੁਖ ਜਰਾਂ ਹੋ ਸਾਂਗ ਨਿਭਾਣ ਵਾਲਾ।
ਕਾਰਨ ਜਿਸ ਆਵਾਂ ਜਾਵਾਂ ਕਰ ਪੂਰਾ,
ਊਰਾ ਕੰਮ ਰਹੇ ਊਰਾ ਚਲਾਨ ਵਾਲਾ।
ਆ ਸਿਰੇ ਚੜ੍ਹਾਂਗਾ ਕੰਮ ਸਾਰੇ,
ਪੂਰਾ ਵਾਕ ਕਰ ਭਾਣਾਂ ਵਰਤਾਨ ਵਾਲਾ।
ਹੋਰ ਵਹਿਮੀ ਛਡ ਚਾਹੀਦੈ ਸਿਦਕ ਥੋਨੂੰ,
ਮੈਨੂੰ ਕੋਈ ਨਹੀਂ ਕਿਤੇ ਲੈ ਜਾਣ ਵਾਲਾ।

Sri Satguru Jagjit Singh Ji Elibrary NamdhariElibrary@gmail.com

# ਚੀਨੀ ਅਸਵਾਰ ਅੰਦਰ

ਭੂੰੜਾਂ ਭੌਰੇ ਬਨਾਣ ਲਦੀ ਦੇਸ ਅੰਦਰ,
ਦੌਰੇ ਚੀਨੀ ਅਸਵਾਰ ਜੀ ਚੜ੍ਹੇ ਹੋਏ ਸਨ।
ਦਰਸ ਪਰਸ ਸੋ ਸਰਸ ਸੁਭਾ ਹੋਇ,
ਜੋਹੜੇ ਉਲਟੀਆਂ ਪਟੀਆਂ ਪੜ੍ਹੇ ਹੋਏ ਸਨ।
ਮੋਏ ਹੋਏ ਜਿੰਦਾ ਸੁਕੇ ਹਰੇ ਹੋਏ,
ਨਸ਼ੇ ਵਿਸ਼ਿਆਂ ਦੇ ਨਾਲ ਜੋ ਸੜੇ ਹੋਏ ਸਨ।
ਚਰਨ ਕਮਲਾਂ ਦੀ ਮੌਜ ਵਿਚ ਮਗਨ ਹੋਏ,
ਸੌਰੇ ਵਿਗੜੇ ਆਦ ਦੇ ਅੜੇ ਹੋਏ ਸਨ।
ਸਜ ਧਜ ਰੌਂਦੀ ਗੜ ਗਜ ਪੈਂਦੀ,
ਵਜ ਵਜਿਆ ਸਾਰੇ ਜਹਾਨ ਅੰਦਰ।
ਰਾਮ ਕ੍ਰਿਸ਼ਨ ਗੁਰ ਨਾਨਕ ਦਸਮੇਸ਼ ਜੀ ਤੋਂ,
ਵਧ ਕੁਦਰਤਾਂ ਚੀਨੀ ਅਸਵਾਰ ਅੰਦਰ।
ਕਾਰੀਗਰ ਗ੍ਰੀਬ ਘਰ ਹੋ ਪਰਗਟ,
ਖਟੇ ਜੱਸ ਵਡੇ ਕਾਰੀਗਰਾਂ ਵਾਲੇ।
ਵੇਖ ਕੰਮ ਕੌਤਕ ਲੈ ਕੇ ਦੰਮ ਭੇਟਾ,
ਡਿਗਨ ਚਰਨੀਂ ਆ ਵਡੇ ਜਰਾਂ ਵਾਲੇ।
ਤਕ ਕੰਬ ਦੇ ਤੇਜ ਪ੍ਰਤਾਪ ਬਿਲੇ,
ਬਾਹਾਂ ਲੰਮੀਆਂ ਮਹਾਂ ਬਲ ਪਰਾਂ ਵਾਲੇ।
ਲਿਆਏ ਕਾਬਲੀ ਭੇਟ ਦਰ ਮੱਲਿਆ ਭੀ,
ਹਰਜ ਰਾਜਿਆਂ ਕੰਮ ਕਰ ਘਰਾਂ ਵਾਲੇ।
ਮੁਠੇ ਬੀਜ ਉਠੇ ਮੂਧੀ ਹੋ ਖੇਤੀ,



Sri Satguru Jagjit Singh Ji Elibrary NamdhariElibrary@gmail.com

ਏਤੀ ਸਕਤ ਅਨੋਖੀ ਦੀਦਾਰ ਅੰਦਰ।
(ਵਹਿਮੀ) ਗੰਡੂ ਬ੍ਰਹਿਮਣ ਦੇ ਮਨ ਆਈ,
ਸਿਫਤਾਂ ਸੁਣ ਇਹ ਚੀਨੀ ਅਸਵਾਰ ਅੰਦਰ।
ਮੇਰੇ ਪਿੰਡ ਲੋਈਆਂ ਉਹਨਾਂ ਆਵਨਾਂ ਏ,
ਮੰਨਾਂ ਪਰਖ ਕੇ ਜਦੋਂ ਦੀਦਾਰ ਹੋਇਆ।
ਝਮਕਨ ਅੱਖ ਨ ਤਨ ਭੀ ਬਿਨਾਂ ਰੀਢੇ,
ਨ ਪਰਛਾਵਾਂ ਹੋਵੇ ਜੋ ਅਵਤਾਰ ਹੋਇਆ।
ਲਗਾਂ ਭੱਜ ਚਰਨੀਂ ਲਗੇ ਜਨਮ ਲਖੇ,
ਵੇਖੇ ਵਲ ਜਾਣਾਂ ਬੇੜਾ ਪਾਰ ਹੋਇਆ।
ਜੇਕਰ ਨ ਤਾਂ ਤਿਵੇਂ ਦੇ ਕਹਾਂ ਕੂਕੇ,
ਭੇਡਾਂ ਚਾਲ ਦਾ ਜਿਵੇਂ ਸੰਸਾਰ ਹੋਇਆ।
ਰੀਝ ਵਾਲਿਆਂ ਰਸਤੇ ਨੂੰ ਨੀਝ ਲਾਈ,
ਪਾ ਵਹੀਰ ਆਦਰ ਇੰਤਜਾਰ ਅਗੋਂ।
ਮਨ ਦੀ ਮਨ ਲੈ ਸੰਗਤ ਦੇ ਨਾਲ ਟੁਰਿਆ,
ਗੰਡੂ ਬ੍ਰਹਿਮਣ ਭੀ ਕਰਨ ਦੀਦਾਰ ਅਗੋਂ।
ਦਰਸ ਚੜਤ ਅਪੂਰਬ ਸਤਾਰਿਆਂ ਦੀ,
ਜੀਨ ਜਗਤ ਚੀਨੀ ਅਸਵਾਰ ਆਏ।
ਸੋਮੇਂ ਰੰਗਤਾਂ ਦੇ ਸਣੇ ਸੰਗਤਾਂ ਦੇ,
ਹੰਸ ਪੰਗਤਾਂ ਦੇਣ ਦੀਦਾਰ ਆਏ।
ਸਤ ਧਰਮ ਸੂਰੇ ਪੂਰੇ ਕਰਨੀਆਂ ਦੇ,
ਬਿਨਾਂ ਕੂੰਣ ਦੇ ਕਰਨ ਪ੍ਰਚਾਰ ਆਏ।
ਕਰਨ ਕਿਰਤ ਪਾਵਨ ਧਰ ਚਰਨ ਧਰਤੀ,



Sri Satguru Jagjit Singh Ji Elibrary NamdhariElibrary@gmail.com

ਭਗਤੀ ਪਰੇਮ ਦੇ ਭਰਨ ਭੰਡਾਰ ਆਏ।
ਚੀਨੀ ਹਿਣਕਦੀ ਛਿਣਕਦੀ ਪਿਆਰ ਸ਼ਰਧਾ,
ਕਰੇ ਦਰਸ ਜੇੜ੍ਹਾ ਧਾਰ ਪਿਆਰ ਅਗੋਂ।
ਉਹਦੇ ਰਿਤ ਔਂਦੀ ਕਿਉਂ ਨ ਨਿਤ ਕੀਤਾ,
ਮਿਤ੍ਰ ਮਾਹੀ ਦਾ ਹਿਤ ਦੀਦਾਰ ਅਗੋਂ।
ਸੰਗਤ ਪਰੇ ਚੋਂ ਜਰਾ ਕੁ ਲੰਘ ਅੱਗੇ,
ਗੰਡੂ ਗੁਰਾਂ ਪਰਛਾਵੇਂ ਨੂੰ ਭਾਲਿਆ ਜਾਂ।
ਦੀਨ ਦਿਆਲ ਦਾ ਕੀ ਨ ਚੀਨੀ ਦਾ ਭੀ,
ਹੈਸੀ ਭਾਲਿਆ ਭਲਾ ਨਿਹਾਲਿਆ ਨਾਂ।
ਮਨ ਕਿਹਾ ਦਾਤੇ ਕੀਤੀ ਮਿਹਰ ਜਾਂ ਤੇ,
ਤਪ ਜਨਮ ਅਨੇਕ ਤੂੰ ਘਾਲਿਆ ਹਾਂ।
ਰਖਣ ਨਾਮ ਪ੍ਰਚਲਤਾ ਪਤਿਤ ਪਾਵਨ,
ਕੀਤਾ ਚਲਿਤ ਜਾਂ ਦਰਸ ਦਿਖਾਲਿਆ ਤਾਂ।
ਝੁਕਿਆਂ, ਚਰਨਾਂ ਨੂੰ ਰੋਕਿਆ ਸਤਿਗੁਰਾਂ ਨੇ,
ਪਰੇ ਪੰਡਿਤ ਜੀ ਪੰਡਿਤ ਜੀ ਪਰੇ ਰਹਿਣਾ।
ਔਂਦੀ ਹੁਕੀ ਦੀ ਮੁਸ਼ਕ ਹੈ ਤੁਸਾਂ ਕੋਲੋਂ,
ਸੋਭੋ ਬ੍ਰਹਿਮਣਾਂ ਸੁਥਰੇ ਖਰੇ ਰਹਿਣਾ।
ਪਾ ਵਸਤ ਪ੍ਰਤੀਤ ਹੋ ਮਸਤ ਗੰਡੂ (ਆਂਦਾ),
ਸਸਤਾ ਸੁਟਦਿਆਂ ਖਟਿਆ ਗਿਆ ਮੇਰਾ।
ਚਰਨੀਂ ਸੀਸ ਭਾਂਵੇਂ ਨਹੀਂਨੇ ਧਰਨ ਦਿੱਤਾ,
ਏਦਾਂ ਕੁਝ ਨਹੀਂ ਘਟਿਆ ਗਿਆ ਮੇਰਾ।
ਦਰਸਨ ਪੂਰਨ ਅਵਤਾਰ ਦਾ ਹੋਣ ਕਰਕੇ,



Sri Satguru Jagjit Singh Ji Elibrary NamdhariElibrary@gmail.com

ਜਨਮ ਮਰਨ ਤਾਂ ਕਟਿਆ ਗਿਆ ਮੇਰਾ।
ਜੇੜਾ ਪਰੇਮ ਪ੍ਰਤੀਤ ਤੋਂ ਸਖਣਾਂ ਸੀ,
ਭੈੜਾ ਜਨਮ ਪਲੱਟਿਆ ਗਿਆ ਮੇਰਾ।
ਨਿਹਚਾ ਵੇਖ ਸਤਿਗੁਰਾਂ ਨੇ ਬਚਨ ਕੀਤਾ,
ਮੋਤੀ ਚੋਗ ਹੰਸਾਂ ਮਾਨ ਸਰੇ ਰਹਿਣਾ।
ਬਿਨਾਂ ਘਾਲ (ਵਹਿਮੀ) ਸਿਦਕ ਵਾਲਿਆਂ ਨੇ,
ਵਿਚ ਦੋਹਾਂ ਲੋਕਾਂ ਸੁਖੀ ਖਰੇ ਰਹਿਣਾ।
(ਦੋਹਰਾ)ਗੁਰਦਰਸਨ ਤੇ ਸਿਦਕ ਤਿਵ ਬਖਸ਼ ਲਵੇ ਬਿਨ ਘਾਲ।
ਜੈਸ ਜਵਾਹਰੀ ਧਨੀ ਸੋ ਵਹਿਮੀ ਦਾਮ ਦਲਾਲ।

## ਪਿਆਰ ਸਿੱਖੀ ਦਸਦਾ

ਸੁੰਦਰ ਸਿੰਘ ਰਾਮਗੜ੍ਹੀ ਰਾਮ ਹਰੀ ਗੁਰੂ ਜੀ ਦਾ,
ਸਿਖ ਇਕ ਨਾਮ ਰਸੀ ਲੋਪੋ ਕੀ ਸੀ ਵੱਸਦਾ।
ਢੋਲਕੀ ਵਜਾਂਦਾ ਚੰਗੀ ਲਾਂਦਾ ਵਾਰ ਆਸਾ ਜੀ ਦੀ,
ਰੀਝਵਾਨ ਇਸ਼ਨਾਨ ਬਾਣੀ ਗੁਰੂ ਜੱਸਦਾ।
ਸੀਗਾ ਨ ਤਿਆਗੀ ਸੀ ਗਰੇਹੀ ਨਾਰ ਧੀਆਂ ਪੁਤ,
ਪਰ ਨਾਂ ਬਦੇਹੀ ਸਮਮੋਹ ਫਾਹੀ ਫੱਸਦਾ।
ਘਰ ਰਹੇ ਇਕਾਂਤ ਸਾਂਤ ਸੁਣੇ ਜਿੱਥੇ ਸਤਸੰਗਿ,



Sri Satguru Jagjit Singh Ji Elibrary NamdhariElibrary@gmail.com

ਮਾਣਦਾ ਜਾ ਰੰਗ ਹੋ ਨਿਸੰਗ ਘਰੋਂ ਨੱਸਦਾ।
ਰਾਜੀ ਰਹੇ ਰਜ਼ਾ ਵਿਚ ਰਖਦਾ ਸੀ ਰਾਮ ਰਾਜੀ,
ਬਿਰਤੀ ਅਡੋਲ ਬੋਲ ਭਾਉ ਭਾਣੇ ਰੱਸਦਾ।
ਸਿੰਧ ਵਿੱਚੋਂ ਬੂੰਦ ਜਿਵੇਂ ਲਿਖਾਂ ਉਹਦਾ ਸਿਖੀ ਪਿਆਰ,
ਸੋਭਾ ਸਾਰੀ ਸਾਧ ਦੀ ਨਹੀਂ ਬੇਦ ਚਾਰ ਦੱਸਦਾ।
ਧੀ ਦਾ ਆਨੰਦ ਪਿੰਡ ਵਿਚ ਇਕ ਸਿੱਖ ਦੇ ਸੀ,
ਜੰਵ ਉਹਦੇ ਆਈ ਸਿੱਖੀ ਸਾਕਤਾ ਆ ਪੱਸਦਾ।
ਪੁਤਰ *ਸੁੰਦਰ ਸਿੰਘ ਜੀ ਦਾ ਇਕੋ ਸੀ ਸੋ ਚੜ੍ਹ ਗਿਆ,
ਰਾਤ ਉਸੇ ਝਟ ਪਿਆ ਪੱਜ ਹੈ ਜੋ ਕੱਸਦਾ।
ਪੁਤ ਨੂੰ ਵਲੇਟ ਕੇ ਲਿਟਾ ਵਿਚ ਬਿਸਤਰੇ ਦੇ,
ਕਾਜ ਸੋ ਨਿਭਾਯਾ ਓਸੇ ਤਰਾਂ ਰੁਝ ਰੱਸਦਾ।
ਧੀ ਤੇ ਵਿਔਣ ਆਏ ਵਿਦਾ ਕਰ ਅਰਜ ਕੀਤੀ,
ਸੰਗਤੋ ਇਹ ਮੌਤ ਕਰਜ ਸਭ ਤੇ ਅਵੱਸਦਾ।
ਧੀ ਦਾ ਸਵਾਰਿਆ ਜੇ ਪੁਤ ਦਾ ਸਵਾਰੋ ਰਲ,
ਟੁਰੇ ਜਦ ਫਸਤਾ ਕੀ ਮਮਤਾ ਦੀ ਮਸਦਾ।
ਆਖ (ਵਹਿਮੀ) ਢੋਲਕੀ ਵਜਾਂਦਾ ਗਾਂਦਾ ਗੁਰਬਾਣੀ,
ਪੁਤ ਨੂੰ ਸਸਕਾਰ ਕੇ ਪਿਆਰ ਸਿੱਖੀ ਦਸਦਾ।

---

*ਸੁੰਦਰ ਸਿੰਘ ਜੀ ਲੋਪੋਕਿਆਂ ਵਾਲਿਆਂ ਦਾ ਸਿਖੀ ਪਿਆਰ। ਗੁਰ ਨਾਨਕ ਦੇ ਓਸ ਸਿਖ ਨਾਲੋਂ ਵੱਧਏ ਜਿਸਦੇ ਘਰ ਗੁਰੂ ਜੀ ਸੀ ਤੇ ਪੁਤ ਮਰ ਗਿਆ ਸੀ ਕਿਉਂਕਿ। ਸੁੰਦਰ ਸਿੰਘ ਦੇ ਗੁਰਭਾਈਆਂ ਦੇ ਘਰ ਕਾਰਜ ਸੀ।



Sri Satguru Jagjit Singh Ji Elibrary NamdhariElibrary@gmail.com

## ਗੁਰ ਭਾਈਦਾ

†ਕ੍ਰਿਸ਼ਨ ਸੁਦਾਮਾਂ ਜੀ ਦੀ ਮਿਤ੍ਰਤਾ ਉਚੇਰੀ ਭਾਮਾਂ,
ਪਰ ਭੋਰਾ ਭੁਰਿਆ ਭੰਡਾਰੋ ਸੀ ਨ ਰਾਈਦਾ।
ਪੁਤ ਮੋਇਆ ਰੋਇਆ ਨ ਸੀ ਸਿੱਖ ਗੁਰੂ ਨਾਨਕ ਦਾ,
ਪਿਆ ਉਹਨੂੰ ਲਾਂਭਾਂ ਰਿਹਾ ਗੁਰਾਂ ਦੀ ਪਾਹੁਨਾਈਦਾ।
ਮਿਲੇ ਨ ਮਿਸਾਲ ਕੋਈ ਜਿਸ ਨਾਲ ਮੇਲ ਕਰਾਂ,
ਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਦੀ ਕਮਾਈ ਦਾ।
ਜਿਸਦੀ ਪਰੇਰਨਾਂ ਪਿਆਰ ਨਾਲ ਸਿੱਖ ਸਜੇ,
ਨਿਜ ਜਿਮੀ ਵੇਚ ਉਹਨੂੰ ਸਾਵਾਂ ਚਾ ਬਨਾਈ ਦਾ।
ਉਹ ਭੀ ਬੇਲੋਸ ਉਸ ਕਿਹਾ ਇਸ ਵਾਸਤੇ ਨ,

---

†ਕ੍ਰਿਸ਼ਨ ਜੀ ਤੇ ਸੁਦਾਮਾਂ ਜੀ ਦੀ ਮਿਤ੍ਰਤਾ ਨਾਲੋਂ ਮਘਰ ਸਿੰਘ ਤੇ ਵਿਰਸਾ ਸਿੰਘ ਜੀ ਦੀ ਪ੍ਰੀਤ ਦਾ ਦਰਜਾ ਵਧ ਏ। ਕਿਉਂਕਿ ਕ੍ਰਿਸ਼ਨ ਜੀ ਭਰੇ ਭੰਡਾਰਾਂ ਵਾਲੇ ਸੀ ਤੇ ਵਿਰਸਾ ਸਿੰਘ ਜੀ ਨੇ ਨਿਜੀ ਜਦੀ ਜਾਇਦਾਦ ਵੇਚ ਸਿਖੀ ਪਿਆਰ ਦਾ ਸਬੂਤ ਦਿਤਾ ਸੀ।

ਮਘਰ ਸਿੰਘ ਜੀ ਤੇ ਵਿਰਸਾ ਸਿੰਘ ਜੀ ਨੁਸ਼ੇਹਰੇ ਜ਼ਿਲੇ ਗੁਜਰਾਂ ਵਾਲੇ ਦੇ ਪਿਛੋਂ ਹਨ, ਜਦ ੨੦੦੩ ਬਿ: ਵਿਚ ਸਤਿਗੁਰੂ ਪਰਤਾਪ ਸਿੰਘ ਜੀ ਔਣ ਵਾਲਾ ਸਮਾਂ ਸੋਚ ਮੁਰਬੇ ਸਿਖਾਂ ਨੂੰ ਲੈਣ ਦਾ ਹੁਕਮ ਦਿਤਾ ਸੀ। ਵਿਰਸਾ ਸਿੰਘ ਜੀ ਨੇ ਨਿਜੀ ਜਦੀ ਜ਼ਮੀਨ ਵੇਚ ਮਘਰ ਸਿੰਘ ਨੂੰ ਭੀ ਮੁਰੱਬਾ ਲੈ ਦੇਣਾ ਚਾਹਿਆ। ਕਿਉਂਕਿ ਮਘਰ ਸਿੰਘ ਪਰਜਾ ਪਤ ਦੀ ਰੰਗਤ ਪਿਆਰ ਨਾਲ ਇਸ ਨੂੰ ਸ਼ਰਾਬੀ ਹੋਣ ਤੋਂ ਸਿਖੀ ਪ੍ਰਾਪਤ ਹੋਈ ਸੀ। ਮਘਰ ਸਿੰਘ ਨਲਵੇ ਵਿਰਸਾ ਸਿੰਘ ਕਹੇ ਮੈਂ ਭੀ ਨਹੀਂ ਲੈਂਦਾ। ਸਤਿਗੁਰੂ ਜੀ ਝੇੜਾ ਸੁਣ ਗੁਣ ਦਿਤਾ ਸਮਝਾਇਆ ਮੰਗਣਾਂ ਮਨਾਂ ਹੈ ਤੇ ਪਿਆਰ ਦਾ ਸਤਿਕਾਰ ਲੋੜੀਦਾ ਏ। ਹੁਣ ਵਿਰਸਾ ਸਿੰਘ ਜੀ ਸੰਤ ਨਗਰ ਤੇ ਮਘਰ ਸਿੰਘ ਜੀ ਸੁਹੇਵੇ ਸਾਹਿਬ ਰਹਿੰਦੇ ਹਨ।



Sri Satguru Jagjit Singh Ji Elibrary NamdhariElibrary@gmail.com

ਕਿਸੇ ਨੂੰ ਪਿਆਰੇ ਗੁਰ ਸਿੱਖ ਹੈ ਸਜਾਈ ਦਾ।
ਹੱਕ ਇਮਦਾਦ ਨ ਵਿਚੌਣੀ ਜਾਇਦਾਦ ਹੱਕ,
ਲੋੜ ਪਾ ਪਰੀਤ ਵਿਚ ਏੜ ਨਹੀਂ ਹੈ ਪਾਈਦਾ।
ਕੈਂਦਾ ਉਹ ਜੋ ਲੈਂਦੇ ਨ ਹੋ ਮੈਂ ਭੀ ਹਾਂ ਰਹਿ ਜਾਂਦਾ,
ਸਾਥੀ ਮੇਲੀ ਬਿਨਾਂ ਕੈਂਦੇ ਕਿਤੇ ਨਹੀਂ ਸੁਹਾਈਦਾ।
ਸੁਣ ਸਤਿਗੁਰਾਂ ਸਮਝਾ ਸੁਲਜਾ ਕੀਤਾ,
ਕਿਹਾ ਇਹੋ ਹੱਕ ਆਪੋ ਵਿਚ ਗੁਰ ਭਾਈਦਾ।
ਘਰ ਆਏ ਗੁਰਾਂ ਜਿਦਾ ਪੁਤ ਮੋਇਆ ਵਾਧਾ ਓਦੂ,
ਸੁੰਦ੍ਰ ਸਿੰਘ ਜੀ ਦੇ ਸਿਖੀ ਪਿਆਰ ਤੇ ਸਮਾਈ ਦਾ।
ਹੈਸਨ ਪਾਬੰਦੀਆਂ ਫਰੰਗੀ ਵਲੋਂ ਕੂਕਿਆਂ ਤੇ,
ਚੀਨੀ ਵਾਲਾ ਲਾ ਗਿਆ ਸੀ ਸਲ ਭੀ ਜੁਦਾਈ ਦਾ।
ਆਖਦੇ ਨੇ ਸਾਊ ਅਤੇ ਰਖਕੇ ਵਿਖਾਲਦੇ ਭੀ,
ਧੀ ਨਾਲੋਂ ਅਦਬ ਵਧ ਹਿਸੇ ਕਈ ਜਵਾਈ ਦਾ।
ਮਾਹੀ ਨਾਲੋਂ ਓਸਦੇ ਸਨੇਹੇਂ ਦਾ ਪਿਆਰ ਵਡਾ,
ਗੁਰ ਦੇਹੀ ਨਾਲੋਂ ਗੁਰ ਵਾਕ ਦੀ ਕਮਾਈ ਦਾ।
ਜੋਗ ਉਹਾ ਜੁਗਤ ਸਾ ਪ੍ਰੀਤਮ ਪ੍ਰੇਮੀ ਓਵੇਂ,
ਪਰ ਘਾਟ, ਸਾਥੋਂ ਸੋਹਣਾ ਲਿਖ ਨਹੀਂ ਸੁਨਾਈ ਦਾ।
ਵਹਿਮੀ ਅੰਗ ਪਾਲ ਪਰੇਮੀ ਵਿਰਲੇ ਸੰਸਾਰ ਵਿਚ,
ਗੁਰੂ ਪਰੇਮ ਅੰਗ ਲਾਜ ਲੰਗ ਗੁਰਭਾਈ ਦਾ।
ਕੋਈ ਢੰਗ ਪਾਲ ਕੋਈ ਸੰਗ ਪਾਲ।
ਕੋਈ ਵਿਰਲਾ ਕਿਧਰੇ ਅੰਗ ਪਾਲ।
ਢੰਗ ਸੰਗਦਾ ਪਿਆਰ ਜੀਵਨ ਤਾਈਂ।
ਅੰਗ ਪਿਆਰਮੁਕੇ ਮਰਿਆਂਭੀ ਨਾਹੀਂ।



Sri Satguru Jagjit Singh Ji Elibrary NamdhariElibrary@gmail.com

# ਤੋਪ ਸੁਆਂਵੇਂ ਦੋ ਸ਼ਹੀਦ ਬੱਚੇ

ਕਰ ਵਣਜ ਕਈ ਵਰਿਯਾਮ ਗਏ,
ਜਦ ਵੇਂਦਿਆਂ ਹੀਰਿਆਂ ਲਾਲਾਂ ਦਾ।
ਹਟ ਓਸੇ ਤੇ ਤਨ ਰਾਸ ਲਈ ਰੋਏ,
ਜੋੜਾ ਅਲੜਾਂ ਬਾਲਾਂ ਦਾ।
ਮਾਂ ਮੂੰਹ ਪੂੰਜ ਕੇ ਪੁਛਦੀ ਨੂੰ,
ਰੋ ਰੋ ਕੇ ਪਏ ਸੁਨਾਂਦੇ ਨੇ।
ਆਖੋ ਨਹੀਂ ਹਾਂ ਸਿਖ ਸਤਿਗੁਰ ਦੇ,
ਕਹੇ ਸਾਨੂੰ ਪਿਛਾਂ ਹਟਾਂਦੇ ਨੇ।
ਮਨੋਂ ਮੋਮ ਤਰਸ ਪਈ ਕਰਦੀ ਏ,
ਪਿਆ ਕਾਵਨ ਈਂਨ ਮਨਾਂਦਾ ਏ।
ਬੇਵਸ ਗੁਰ ਨਿੰਦਿਆ ਸੁਣ ਰੋਏ,
ਪਿਆ ਸਾਥ ਦੁਰਾਡਾ ਜਾਂਦਾ ਏ।
ਮਾਈ ਕਿਹਾ ਵਜਾ ਬਨਾ ਲਵੇ,
ਹਥ ਖੁਲੇ ਸਭੇ ਸਕਤਾਂ ਨੇ।
ਹਥ ਔਣ ਨਹੀਂ ਸਮਰੱਥ ਕਈ,
ਗਏ ਭਾਲਦੇ ਗੁਜਰਿਆਂ ਵਕਤਾਂ ਨੇ।
ਝਟ ਬਿਸ਼ਨ ਸਿੰਘ ਹਰਨਾਮ ਹਰੀ,
ਆਪੋ ਵਿਚ ਮੁਖ ਮਿਲਾਂਦੇ ਨੇ।
ਦੋਏ ਜਾਪਨ ਪਏ ਇਉਂ ਲੋਗਾਂ ਨੂੰ,
ਜਿਉਂ ਚੋਗਾ ਹੰਸ ਵਟਾਂਦੇ ਨੇ।



Sri Satguru Jagjit Singh Ji Elibrary NamdhariElibrary@gmail.com

ਕਿਹਾ ਬਿਸ਼ਨ ਸਿੰਘ.ਮੈਂ ਇੰਜ ਕਰਾਂ,
ਹਰਨਾਮ ਸਿੰਘ ਕਿਹਾ ਚੰਗੀ ਏ !
ਝੱਟ ਦੋਨਾਂ ਦਾ ਮਨ ਮੰਨ ਗਿਆ,
ਜਿਉਂ ਗੁਰਮਤ ਗਤਿ ਸਤ ਸੰਗੀ ਏ।
ਹੋਏ ਕਾਵਨ ਦੇ ਵਲ ਬਿਸ਼ਨ ਸਿੰਘ,
ਅਡੋਲ ਕਿਹਾ ਰੱਲ ਕਰਨੀ ਏਂ।
ਢੁਕਿਆ ਨੇੜੇ ਹੁਜਕਾ ਦਾੜ੍ਹੀ,
ਦਿਖਾਈ ਕਰਨੀ ਭਰਨੀ ਏਂ।
ਵਹਿਮੀ ਦਮ ਤੰਗ ਕਰ ਸਿੰਘ,
ਕਿਹਾ ਚੰਮ ਚਿਟੇ ਦਿਲ ਦੇ ਕਾਲੇ ਦਾ।
ਉਇ ਫੇਰ ਕਹੇਂਗਾ ਸਿੰਘ ਨਹੀਂ,
ਮੈਂ ਸਤਿਗੁਰ ਚੀਨੀ ਵਾਲੇ ਦਾ।

ਸ੍ਰੀ ਭੈਣੀ ਸਾਹਿਬ ਪੁਸਤਕਾਲਯ

## ਤਿੰਨ ਸ਼ਹੀਦ

(ਆਪ ਆਪਦਾ ਸੀ)

ਵਹਿਮੀ ਰੂਹ ਪੁੱਜਾ ਸਾਕਾ ਲਿਖਣ ਸੱਧਰ,
ਕਲਰ ਕੋਟਲੇ ਦਾ ਚੌੜਾ ਰੜਾ ਦਿਸੇ।
ਰਿਹਾ ਤੋਪ ਦੀ ਤੋਪ ਨੂੰ ਲਾ ਤੋੜਾ,



Sri Satguru Jagjit Singh Ji Elibrary NamdhariElibrary@gmail.com

ਸਿਧੀ *ਪਗ ਵਾਲਾ ਅਗੇ ਖੜਾ ਦਿਸੇ।
ਤੋਪ ਚਲਦੀ ਨ ਸਿੰਘ ਏੇਲਦਾ ਸੀ,
ਪਿਆ ਓਸਦਾ ਹੌਂਸਲਾ ਬੜਾ ਦਿਸੇ।
ਅੰਮ੍ਰਿਤ ਵਰਸਦਾ ਪਿਆ ਸੀ ਇਕ ਪਾਸੇ,
ਪੈਂਦਾ ਪਾਸ ਅਨਿਆਂ ਦਾ ਗੜਾ ਦਿਸੇ।
ਲਗਾ ਚਊਥਾ ਪਲੀਤਾ ਤਾਂ ਤੋਪ ਚਲੀ,
ਗੋਲਾ ਝੋਪਲਿਆ ਸਿੰਘ ਜਾਪਦਾ ਸੀ।
ਤੂੰ ਬੇਅੰਤ ਕੈਂਦੇ ਤੂੰ ਬੇਅੰਤ ਕੈਂਦੇ,
ਤੂੰਬੇ ਅੰਤ ਕੀਤਾ ਆਪ ਆਪਦਾ ਸੀ।
ਵਹਿਮੀ ਵੇਖਿਆ ਵਿਚ ਮੈਦਾਨ ਓਸੇ,
ਢੀਮਾਂ ਜੋੜ ਉਤੇ ਸਿੰਘ† ਖਲਾ ਦਿਸੇ।
ਸ਼ਨਬੰਧੀ ਉਹ ਰਾਜ ਘ੍ਰਾਣੇ ਦਾ ਸੀ,
ਮਾਨੋ ਸੋਹਣਾਂ ਸਰੂਪ ਭੀ ਭਲਾ ਦਿਸੇ।
ਕੈਂਦਾ ਵੇਖ ਲੌ ਮੋਚ ਹੁਣ ਹੋ ਗਿਆਂ ਮੈਂ,
ਕਰੋ ਫੇਰ ਜਾਂਦਾ ਸਾਥ ਚਲਾ ਦਿਸੇ।
ਬੁਰਾ ਗਊ ਗ਼੍ਰੀਬ ਦਾ ਦੁਖ ਦੇਖਣ,
ਮਾਰ ਵੈਰੀਆਂ ਮਰਨ ਸੁਫਲਾ ਦਿਸੇ।
ਕੀਤਾ ਵੈਰ ਕਰ ਵੈਰੀਆਂ ਪਰੇ ਉਸਨੂੰ,
ਸ਼ੌਕ ਹੀਰਾ ਹਰ ਵੀਰਾਂ ਮਿਲਾਪ ਦਾ ਸੀ।
ਚਲੀ ਤੋਪ ਅਲੋਪ ਹੋ ਰਲ ਬੀਰਾਂ,

*ਸ੍ਰਦਾਰ ਹੀਰਾ ਸਿੰਘ ਜੀ ਸਕ੍ਰੌਦੀ ਵਾਲੇ।
†ਬੀਰ ਵਰਿਆਮ ਸਿੰਘ ਜੀ ਮਰਾਜ ਵਾਲੇ।



Sri Satguru Jagjit Singh Ji Elibrary NamdhariElibrary@gmail.com

ਜੋਰੀਂ ਭਲਾ ਕੀਤਾ ਆਪ ਆਪਦਾ ਸੀ।
ਵਿਚ ਓਸੇ ਮਦਾਨ ਦੂੰ ਅੱਲੜਾਂ ਦੀ,
ਚਲਦੀ ਤੋਪ ਦੇ ਫੈਰੇ ਰਿਹਾਈ ਦਿਸੇ।
ਮਰਨ ਵਜਾ ਬਨਾਂ ਲੌ ਪੁਤ੍ਰਾਂ ਨੂੰ,
ਵਿਚ ਕੰਨ ਦੇ ਆਖਦੀ ਮਾਈ ਦਿਸੇ।
ਸਿੰਘ ਬਚੇ ਨੇ ਕਾਵਨ ਦੀ ਖਿਚ ਦਾੜੀ,
ਝਟਕਾ ਮਾਰ ਕੇ ਝਟ ਹੁਬਕਾਈ ਦਿਸੇ।
ਕੋਲ ਖਲੇ ਹੋਏ ਕਾਵਨ ਦੇ ਨੌਕਰਾਂ ਨੇ,
ਤੁਰਤ ਸਿੰਘ ਤੇ ਤੇਗ ਚਲਾਈ ਦਿਸੇ।
ਗਊ ਰਖਿਆ ਕਰਦਿਆਂ ਮਰਦਿਆਂ ਨੇ,
ਡਰ ਰਖਿਆ ਨ ਜ਼ੁਲਮ ਪਾਪ ਦਾ ਏ।
ਵਹਿਮੀ ਵੇਖਿਆ ਰੀਝ ਦੇ ਨਾਲ ਉਹਨਾਂ,
ਔਣਾ ਸੁਫਲ ਕੀਤਾ ਆਪ ਆਪਦਾ ਏ।

ਦਲੇਰ ਦਿਲ ਸ੍ਰ: ਸੂਰਮਾਂ ਬਿਸ਼ਨ ਸਿੰਘ ਜੀ ਤੇ ਹਰਨਾਮ ਸਿੰਘ ਜੀ ਤੇ ਖੇਮ ਕੌਰ ਰੜ ਵਾਲੀ।



Sri Satguru Jagjit Singh Ji Elibrary NamdhariElibrary@gmail.com

# ਨੱਸ ਨੱਸ ਤੋਪ ਅਗੇ ਛਾਤੀਆਂ ਸੀ ਤਾਣੀਆਂ

ਬਿਲਿਆਂ ਨੇ ਟਿਲ ਦਿੱਤਾ ਪਿਤਾ ਧਰਮ ਅਣਖ ਦਾ ਜੋ,
ਮਣਖ ਨ ਰਹੇ ਹੈਣ ਸਭ ਸਤਿਆ ਮੁਕਾਣੀਆਂ।
ਜੁਰਤ ਦੇ ਰਾਜ ਵਲੋਂ ਤੁਰਕਾਂ ਨੂੰ ਲਾਇਆ ਅਗੇ,
ਵਗੇ ਗਲ ਛੁਰੀ ਗਊਆਂ ਰੋਂਦੀਆਂ ਨਮਾਣੀਆਂ।
ਗਮ ਚੌਣਾਂ ਓਹਨਾਂ ਇਕ ਇਕ ਕਟ ਚੁਰਾ ਖਾਂਦਾ,
ਵਾਧਾ ਕਰੀ ਜਾਣ ਜਾਨ ਬਲ ਹੀਨ ਬਾਣੀਆਂ।
ਏਨਾਂ ਵਧੇ ਸਿੰਘ ਕਿਹਾ ਥੋੜਾ ਲਧ ਚੜਨਾਂ ਸੀ,
ਧਕੇ ਮਾਰੇ ਬੈਲ ਸਾਹਵੇਂ ਕੋਹਿਆ ਭੀ ਗੁਮਾਣੀਆਂ।
ਗੁਰਮੁਖ ਸਿੰਘ ਰੋਇਆ ਦੁਖ ਹੋਇਆ ਕੋਟਲੇ ਜੋ,
ਓਟ ਲੈ ਧਰਮ ਜੋਧੇ ਕਰਦੇ ਕਹਾਣੀਆਂ।
ਬਲਦੀ ਤੇ ਤੇਲ ਪਿਆ ਮੇਲ ਕੇ ਸਲਾਹ ਲਿਆ,
ਧਾਰ ਹੀਰਾ ਸਿੰਘ ਹੋਰਾਂ ਗਊਆਂ ਨੇ ਬਚਾਣੀਆਂ।
ਇਕ ਸੌ ਤੇ ਚਾਲੀ ਵਾਂਗੂੰ ਮਿਰਗਾਂ ਦੇ ਲਾਣ ਛਾਲੀਂ,
ਦੁਰਗਾ ਤੇ ਕਾਲੀ ਜਿਵੇਂ ਸਾਬ ਦੇ ਸੁਵਾਣੀਆਂ।
ਪਿਛਲੇ ਮੁਨੇਰ ਸਮੇਂ ਕੋਟਲੇ ਮਲੇਰ ਵਿਚ,
ਬੁਚੜਾ ਚਖਾਏ ਫਲ ਫੜ ਕੇ ਕਮਾਣੀਆਂ।
ਦੋ ਵਾਰ ਵਾਹਰ ਆਈ ਮਾਰ ਕੇ ਹਟਾਈ ਪਿਛਾਂ,
ਆਇਆ ਖਾਂ ਸਮੁੰਦ ਤੋੜੇ ਜੋੜ ਪਿਆ ਹਾਣੀਆਂ।
ਕੱਠੇ ਵਾਰ ਲੱਥ ਗਿਆ ਹਥ ਹੀਰਾ ਸਿੰਘ ਜੀ ਦਾ,
ਮੌਜਾਂ ਖਾਂ ਸਮੁੰਦ ਹੋਰਾਂ ਹੂਰਾਂ ਦੀਆਂ ਮਾਣੀਆਂ।
ਤਲ ਗੁਟ ਛੁਟੀ ਦਿਖੀ ਜਾਵੇ ਜਿਦਾ ਰਿਤ ਚੁਵੇ,



Sri Satguru Jagjit Singh Ji Elibrary NamdhariElibrary@gmail.com

ਅਸਾਂ ਗਊਆਂ ਵਾਸਤੇ ਸ਼ਹੀਦੀਆਂ ਨੇ ਪਾਣੀਆਂ।
ਪੁਤ ਖਾਂ ਸਮੁੰਦ ਦਾ ਸਦਾ ਦੇ ਪਿਆਰ ਕਿਹਾ,
ਅੰਸ ਇਹ ਪਠਾਣੀ ਹੋਰ ਪੇਂਜੇ ਬੇਣੇ ਤਾਣੀਆਂ।
ਕਰ ਇਸ਼ਨਾਨ ਆ ਖੜ੍ਹੇ ਜਾਣ ਤੋਪ ਮੂਰੇ,
ਸੂਰੇ ਪੂਰੇ ਕਰਨੀਆਂ ਦੇ ਗੌਣ ਗੁਰਬਾਣੀਆਂ।
ਤਿਨ ਵਾਰ ਤੋਪ ਨ ਜਾਂ ਚਲੀ ਹੀਰਾ ਸਿੰਘ ਕਿਹਾ,
ਸੁਣ ਬੇਈਮਾਨਾਂ ਕੀ ਕਨੂੰਨ ਲੈ ਚਲਾਣੀਆਂ।
ਈਸਾ ਦੀ ਉਲਾਦ ਯਾਦ ਕਰੇ ਜਾ ਵਲੈਤ ਤਾਈਉਂ,
ਈਸਾ ਨਾਲੋਂ ਵਧ ਕੁਰਬਾਨੀਉਂ ਹਰਾਣੀਆਂ।
ਵਹਿਮੀ ਭੁੱਸ ਰਾਜ ਸਿਰ ਆਖ ਹੱਸ ਹੱਸ ਸਿੰਘਾਂ,
ਨਸ ਨੱਸ ਤੋਪ ਅਗੇ ਛਾਤੀਆਂ ਸੀ ਤਾਣੀਆਂ।

# ਘੋਲ ਹੋਇਆ

ਕੁਸੰਗ-ਮਨਮਤ ਤੇ ਗੁਰਮਤ ਦਾ

ਲੈਹਣਾਂ ਲਿਆ ਨਿਹਾਲ ਸਿੰਘ ਧਨੀ ਲਿਖਿਆ,
ਪੰਨੇ ਯਾਦ ਖਾਤ੍ਰ ਸਿਰਫ ਨਾਮ ਉਸਦਾ।
ਨ ਅੰਗੂਠਾ ਲਾਇਆ ਝੂਠ ਬੋਲਦੇ ਨਹੀ,
ਸਿਖ ਨਾਮਧਾਰੀ ਸਿਦਕ ਆਮ ਉਸਦਾ।
ਰਿਹਾ ਕਾਲ ਅਗੋਂ ਲੋਕਾਂ ਨਾਲਸ਼ਾਂ ਲਾ,
ਨਿਹਚਾ ਕਰ ਦਿਤਾ ਉਕਾ ਖਾਮ ਉਸਦਾ।



Sri Satguru Jagjit Singh Ji Elibrary NamdhariElibrary@gmail.com

ਜਾਣੋਂ ਦੋਨਾਂ ਦੇ ਭਾ ਦੀ ਬਣੀ ਬਿਪਤਾ,
ਬੁਢਾ ਪੁਟਦਾ ਉਹ ਸੁਬਾ ਸ਼ਾਮ ਉਸਦਾ।
ਜਿਵੇਂ ਘਸਦਿਆਂ ਚੰਦਨੋਂ ਅਗ ਨਿਕਲੇ,
ਤਿਵੇਂ ਰਸ ਦੇ ਬੋਲੋਂ ਕਬੋਲ ਹੋਇਆ।
ਚਲੀ ਵੈਰੀਆਂ ਚਾਲ ਨ ਗਲ ਠਹਿਰੀ,
ਜਾਏ ਵਿਚ ਕਰੈਹਰੀ ਦੇ ਘੋਲ ਹੋਇਆ।
ਚੁਕਾਂ ਲਾ ਕੇ ਉਕਾ ਮੁਕਰਾ ਦਿਤਾ,
ਨਿਹਾਲ ਸਿੰਘ ਨੂੰ ਲੋਕਾਂ ਤਮਾਸ਼ ਬੀਨਾਂ।
ਜੇਹੜਾ ਰੋਕਦਾ ਮੁਕਰ ਨ ਭਲੇ ਲੋਕਾ,
ਕੋਈ ਯਾਰ ਮਿਲਿਆ ਉਹਨੂੰ ਖਾਸ਼ਕੀ ਨਾਂ।
ਬੁਠਾ ਬਿਨਾ ਅਗੂਠਿਉਂ ਹੋ ਮੁੜਿਆ,
ਲਹਿਣੇ ਦਾਰ ਜਿਸਨੇ ਬਿਸਵਾਸ ਕੀਨਾਂ।
ਮੰਦੀ ਗਤਿ ਦਸਾ ਸੰਧੀ ਹੋਈ ਦੋਨਾਂ,
ਗੁਣਾਂ ਰਿਹਾ ਨ ਤੇਰਾਂ ਵਿਚ ਖਾਸ ਤੀਨਾਂ।
ਗਿਆ ਗੁਰਾਂ ਡੇਰੇ ਸਤ ਸੰਗ ਕੀਤਾ,
ਨਿਖਰ ਰੌਲਿਉ ਚਿਤ ਨਿਰੋਲ ਹੋਇਆ।
ਗੁਰ ਮਤ ਵੱਸੀ ਮਨ ਮਤ ਨਸੀ,
ਦਸੀ ਜਿਦ ਕਾਰਾ ਸਾਰਾ ਘੋਲ ਹੋਇਆ।
ਗੁਰਾਂ ਕਿਹਾ ਲਹਿਣਾਂ ਲੈ ਕੇ ਨ ਦੇਣਾਂ,
ਸਿਖਾ ਕੰਮ ਮੰਦਾ ਚੋਰੀ ਧਾੜਿਉਂ ਇਹ।
ਧੀ ਭੈਣ ਦੇ ਕੇ ਦਰਬ ਲੈਣ ਵਾਲੇ,
ਨਾਲੋਂ ਕਰਮ ਗੰਦਾ ਮਾੜਾ ਮਾੜਿਉਂ ਇਹ।
ਚੂਹੜਾ ਕੂੜ ਹੈ ਬੋਲ ਮੁਰਦਾਰ ਖਾਣਾਂ,



Sri Satguru Jagjit Singh Ji Elibrary NamdhariElibrary@gmail.com

ਅਊਖਾ ਬਚੇ ਜੀਅ ਈਰਖਾ ਸਾੜਿਉਂ ਇਹ।
ਜਿਦ੍ਹੋ ਧੜ੍ਹੋ ਚੜਿਆ ਘਾਟੇ ਬੜੇ ਖਾਂਦਾ,
ਜਾਂਦਾ ਰਹੇ ਵਾਜਾਂ ਧਰਮ ਘਾੜਿਉਂ ਇਹ।
ਸਣੇ ਖਰਚ ਖੇਚਲ ਜਾਹ ਦੇਹ ਗਿਣ ਲਹਿਣਾਂ,
ਤੇ ਬਖਸ਼ਾ ਕਬੋਲ ਜੋ ਡੋਲ ਹੋਇਆ।
ਕਾਲਾ ਮੂੰਹ ਕਰ ਹਾਕਮ ਦੇ ਸਚ ਕਹੁ ਜਿਉਂ,
ਮਨ ਮਤ ਗੁਰ ਮਤ ਦਾ ਘੋਲ ਹੋਇਆ।
ਆ ਪਿੰਡ ਗਿਣ ਦੇ ਬਖਸ਼ਾ ਹੱਥੀਂ,
ਕਾਲਾ ਮੂੰਹ ਮਜਨੂੰ ਵਾਂਗੂ ਕਰ ਲਿਉ ਸੂ।
ਗੁਰੂ ਯਾਰ ਦੇ ਅਮਰ ਪਿਆਰ ਖਾਤ੍ਰ,
ਲੋਕ ਚਾਤ੍ਰੀ ਦਾ ਧਕਾ ਜਰ ਲਿਉ ਸੂ।
ਕੋਈ ਕਹੇ ਨ ਬਖਸ਼ ਦੀ ਰਹੀ ਬਾਕੀ,
ਆਪੀ ਮੰਨ ਭਰ ਕੇ ਜਿੰਦੇ ਮਰ ਲਿਉ ਸੂ।
ਕੋਈ ਕਹੇ ਸਜਾ ਬਜਾ ਸਾਰੀ,
ਗੁਰ ਅਮਰ ਜੈਸਾ ਸਿਰ ਧਰ ਲਿਉ ਸੂ।
ਗਿਆ ਕਿਹਾ ਹਾਕਮ ਕੈਸਾ ਹਾਲ ਕੀਤਾ,
ਨਿਹਾਲ ਸਿੰਘ ਨਿਹਾਲ ਅਡੋਲ ਹੋਇਆ।
(ਕੈਂਦਾਂ) ਗੁਰੂ ਹਰੀ ਸਿੰਘਜੀ ਕੀਤਾ ਉਜਲਾ ਇਹ,
ਕਾਲਾ ਕੂੜ ਦੀ ਕੜੀ ਸੀ ਘੋਲ ਹੋਇਆ।
ਵੇਖ ਸੁਣ ਅਚਰਜ ਹੋ ਸਣੇ ਹਾਕਮ,
ਕਰੀ ਬੋਲ ਸੋਭਾ ਜੇਹੜਾ ਕੋਲ ਹੋਇਆ।
ਰਖੀ ਲਿਖ ਅੰਗਰੇਜ ਰਪੋਟ ਜੇੜੀ,
ਪੂਰਾ ਵੇਖਿਆ ਅੱਜ ਉਹ ਤੋਲ ਹੋਇਆ।



Sri Satguru Jagjit Singh Ji Elibrary NamdhariElibrary@gmail.com

ਕਦੇ ਝੂਠ ਨਹੀਂ ਬੋਲਦਾ ਸਿਖ ਕੂਕਾ,
ਮੰਨੇ ਗੁਰੂ ਦਾ ਹੁਕਮ ਅਡੋਲ ਹੋਇਆ।
ਕੀਤਾ ਮੰਨ ਫਾਹੇ ਪਾਏ ਗਲੀਂ ਸਾਕਾ,
ਅਮੀਂ ਸਰ ਲਈ ਗਊਆਂ ਅਮੋਲ ਹੋਇਆ।
ਖੜੇ ਕੋਟਲੇ ਚਲਦੀ ਤੋਪ ਅਗੇ,
ਸਾਕਾ ਬੜਾ ਨਿਧੜਕ ਨਿਰੋਲ ਹੋਇਆ।
ਧੰਨ ਗੁਰੂ ਐਸੇ ਧੰਨ ਸਿਖ ਜਿੰਨਾਂ,
ਬਚਨ ਮੰਨਣਾਂ ਸਹਿਜ ਕਲੋਲ ਹੋਇਆ।
ਸਾਧੂ ਇਹ ਚੁਗਾਵੇਂ ਦਾ ਚੁਪ ਭਾਵੇਂ,
ਤਾਂਵੀ ਜੱਸ ਵਾਂਗੂੰ ਵੱਜੇ ਢੋਲ ਹੋਇਆ।
(ਵਹਿਮੀ) ਲਿਖਿਆ ਵਿਚ ਇਤਿਹਾਸ ਪਿਖਿਆ,
ਗੁਰ ਸਿਖਿਆ ਸਮੇਂ ਦਾ ਘੋਲ ਹੋਇਆ।

ਸਿਖਨ ਕੋ ਇਮ ਹੀ ਬਨ ਆਵੇ।
ਜਿਸ ਤੇ ਗੁਰ ਮਹਿਆਂ ਅਧਕਾਵੇ।
ਜਾਂਕੇ ਕੀਏ ਹੀਨਤਾ ਹੋਈ।
ਤਾਂ ਤੇ ਕਰੇ ਨਹੀਂ ਸਿਖ ਜੋਈ।



Sri Satguru Jagjit Singh Ji Elibrary NamdhariElibrary@gmail.com

# ਧੰਨਮਾਈ

ਹਰ ਭਜਨ ਹਰੀ ਭਜਨ ਕਰੇ ਹਰ ਦਮ,
ਇੰਜਨ ਗੁਰੂ ਕੇ ਦੀ ਸੇਵਾ ਕਾਰ ਕਰਦਾ।
ਲਗਾ ਪਤਾ ਨ ਪਟੋ ਅਜਿਹਾ ਵਲਿਆ,
ਤੂੰਬੇ ਕਰ ਸ੍ਰੀਰ ਦੇ ਪਾਰ ਕਰਦਾ।
ਗੁਰ ਪੁਰੀ ਦੇ ਵਿਚ ਹੜਤਾਲ ਹੋਈ,
ਸੁਨਣ ਹਾਰ ਸਭ ਹੀ ਹਾਹਾ ਕਾਰ ਕਰਦਾ।
ਸੁਣ ਦੌੜ ਆਈ ਲਾਭ ਕੌਰ ਮਾਈ,
ਰਿਦਾ ਜਿਦਾ ਸਭ ਤੋਂ ਵੱਧ ਪਿਆਰ ਕਰਦਾ।
ਟੋਟੇ ਜਿਗਰ ਦੇ ਲੋਥੜੇ ਚੁਗ ਪੋਟੀਂ,
ਝੋਲੀ ਭਰ ਬੈਠੀ ਭਾਣਾਂ ਮੰਨ ਮਾਈ।
ਹਾਕਮ ਲਿਖਣਆਇਆ ਵੇਖਣ ਹਾਰਆਖਣ,
ਗੁਰੂ ਸਿਦਕ ਇਸਦਾ ਧੰਨ ਧੰਨ ਮਾਈ।
ਪੁਤ ਨਾਮ ਲੈ ਕੇ ਪਤੀ ਰੋਣ ਲਗਾ,
ਕਹਿੰਦੀ ਵਾਹ ਜੀ ਇਹ ਕੀ ਕਰਨ ਲਗੇ।
ਰਹੇ ਵਾਂਗ ਨਿਗੁਰਿਆਂ ਬੇ ਸੁਰੇ ਹੀ ਜੇ,
ਤਾਂ ਫਿਰ ਕੀ ਸਤਿਗੁਰਾਂ ਦੀ ਸਰਨ ਲਗੇ।
ਚਾਂਈਂ ਚੜਨ ਨਾਹੀਂ ਕਰਨ ਰਸਮ ਮਾੜੀ,
ਲਾੜੀ ਮੌਤ ਨੂੰ ਸੂਰਮੇ ਵਰਨ ਲਗੇ।
ਫਿਰ ਜਾਂਵੀਆਂ ਨੂੰ ਡਰਨ ਭਾਂਜ ਕੇੜੀ,
ਜੇਹੜੇ ਲੈਣ ਕੁਝ ਨ ਹਥੋਂ ਧਰਨ ਲਗੇ।
ਸਣੇ ਬਾਬਾ ਜੀ ਬਣੀ ਬੇਅੰਤ ਮਹਿਮਾਂ,
ਗਹਿਮਾਂ ਗਹਿਮ ਸੰਗਤ ਪਰਾ ਬੰਨ ਆਈ।



Sri Satguru Jagjit Singh Ji Elibrary NamdhariElibrary@gmail.com

ਪੜੇ ਸਬਦ ਲੀਏ ਲੌੜ ਆਪ ਲਾਏ,
ਆਏ ਸਫਲ ਸੇ ਜਨਦੀ ਧੰਨ ਮਾਈ।
ਕਰ ਕੀਰਤਨ ਭਜਨ ਹਰਿ ਭਜਨ ਲੇਖੇ,
ਸਾਧ ਸੰਗਤ ਅੰਤਮ ਮਿਸਕਾਰ ਕੀਤਾ।
ਲਾਭ ਕੌਰ ਆਖੇ ਅਤੀ ਲਾਭ ਪਾਇਆ,
ਕੌਰ ਗੁਰੂ ਕਾਰੇ ਤਨ ਵਾਰ ਕੀਤਾ।
ਹਾਕਮ ਸਿੰਘ ਜੀ ਦੀ ਮਾਈ ਯਾਦ ਆਈ,
ਜਿਸ ਜਿਸ ਇਹ ਦ੍ਰਿਸ਼ ਨਿਹਾਰ ਕੀਤਾ।
ਸਦਾ ਈਦ ਦੇ ਚੰਦ ਸ਼ਹੀਦ ਪੁਤਰ,
ਮਾਵਾਂ ਅਮਰ ਨਾਵਾਂ ਧਰਮ ਕਾਰ ਕੀਤਾ।
ਪਿਛੇ ਢਾਈ ਗਿਣੀਆਂ ਹੁਣ ਤਿੰਨ* ਮਾਵਾਂ,
ਪੁਤ ਦਾਹ ਲਈ ਢਾਹ ਕੇ ਛੰਨ ਲਿਆਈ।
ਕੀਤਾ ਮਰਨ ਉਪਦੇਸ ਮਦਾਨ ਪੁਤਾਂ,
ਤਰਨ ਸਿੰਘ ਤੀਜੀ ਇਹ ਹੈ ਧੰਨ ਮਾਈ।
ਲਾਇਲਪੁਰ ਦੇ ਜ਼ਿਲੇ ਵਿਚ ਹੈ ਘਣੀਏ ਕੇ ਪਿੰਡ ਭਾਈ।
ਭੈਣੀ ਸਾਹਿਬ ਇਹ ਸਾਕਾ ਹੋਇਆ ਲਾਭ ਕੌਰ ਧੰਨ ਮਾਈ।

---

*ਗੁਰੂ ਘਰ ਵਿਚ ਸ੍ਰੀ ਅੰਮ੍ਰਿਤਸਰ ਬੁਚੜਾਂ ਨੂੰ ਮਾਰ ਕੇ ਆਪ ਆ ਮੰਨ ਸ਼ਹੀਦ ਹੋਣ ਵਾਲੇ ਸ਼ਹੀਦ ਹਾਕਮ ਸਿੰਘ ਦੀ ਮਾਈ (ਕੇਸਰ ਕੌਰ) ਪੁਤ ਦੇ ਸਸਕਾਰ ਲਈ ਕੋਠਾ ਢਾਹ ਕੇ ਸਬਦ ਪੜ੍ਹਦੀ ਆਪਣੀ ਕੁਖ ਸਫਲੀ ਹੋਈ ਸਮਝ ਸਸਕਾਰ ਕੀਤਾ ਸੀ ਤੇ ਬਿਸ਼ਨ ਸਿੰਘ ਜੀ ਮਲੇਰ ਕੋਟਲੇ ਸ਼ਹੀਦ ਹੋਣ ਵਾਲੇ ਨੂੰ ਗੁਰ ਨਿੰਦਾ ਸੁਣ ਡੁਸਕਦੇ ਨੂੰ ਦਲੇਰੀ ਦਿਤੀ ਸੀ ਮਾਈ ਖੇਮ ਕੌਰ ਰੜ) ਮਰਨ ਦੀ ਬਿਧਿ ਬਣਾ ਲੈ ਤਾਂ ਉਸ ਕਾਇਰ ਦੀ ਦਾੜੀ ਖਿਚੀ ਸੀ। ਇਹ ਲਾਭ ਕੌਰ ਆਪ ਅਡੋਲ ਰਹੇ ਪਤੀ ਨੂੰ ਭੀ ਰੋਣੋ ਰੋਕਿਆ ਸੀ। ਇਹ ਜੋੜੀ ਅਮਰ ਸਿੰਘ ਜੀ ਤੇ ਲਾਭ ਕੌਰ ਜੀ ਹੁਣ ਨਕੋੜੇ ਜੀਵਨ ਨਗਰ ਨੇੜੇ ਹਨ।

Sri Satguru Jagjit Singh Ji Elibrary NamdhariElibrary@gmail.com

# ਪਰੀਖਿਆ ਤੇ ਯਾਦ ਰਹੇਗੀ

ਸ੍ਰ: ਆਤਮਾਂ ਸਿੰਘ ਜੀ ਰਾਵਲ ਪਿੰਡੀ ਦੀ ਸੁਰਤ ਕਰ ਲਿਖੀ

ਸੰਨ ਚੌਦਾਂ ਚਿ ਲੰਡਨ ਤੇ ਜਰਮਨੀ ਦਾ,
ਛਿੜਿਆ ਜੰਗ ਤਾਂ ਚਿਤ ਵਿਚਾਰ ਆਈ।
ਯਾਰ ਸੋ ਜੋ ਬਿਪਤ ਵਿਚ ਸਾਥ ਕਟੇ,
ਹੱਟੇ ਪਿਛਾਂ ਨ ਭੀੜ ਵੰਗਾਰ ਆਈ।
ਪੂਰੀ ਰਖ ਪਲਟਨ ਤਨਖਾਹ ਬਰਦੀ,
ਰਾਸਨ ਸਣੇ ਜਾਂ ਤਿਆਰ ਬਰ ਤਿਆਰ ਆਈ।
ਚਿਠੀ ਭੇਜ ਲੰਡਨ ਸਦ ਕਰ ਭੇਟਾ,
ਦਿਤਾ ਆਖ ਇਹ ਬਿਨਾਂ ਹਥਿਆਰ ਆਈ।
ਦੇਵੋ ਹੁਕਮ ਸੋ ਭੀ ਕਰ ਤਿਆਰ ਦੇਸਾਂ,
ਜਿਚਰ ਜੰਗ ਰਹੇ ਮੇਰੀ ਅਮਦਾਦ ਰਹੇਗੀ।
ਹੋਈ ਹਾਰ ਤਾਂ ਪਿਆਰ ਨਿਭਾ ਮਰਸਾਂ,
ਹੋਈ ਜਿਤ ਤਾਂ ਹਿਤ ਦੀ ਯਾਦ ਰਹੇਗੀ।
ਦਿਤਾ ਲਿਖ ਗਵਰਨਰ ਦੋਸਤੰਮਾਂ,
ਕੰਮਾਂ ਨਾਲ ਕਿਹਾ ਸੱਜਨ ਬਨੀਂ ਦਾ ਏ।
ਕੀ ਹਥਿਆਰ ਸਾਮਾਨ ਮਨਜ਼ੂਰ ਸਾਰਾ,
ਜੋ ਜਰੂਰ ਵਰਤੋਨ ਲਈ ਗਨੀਂ ਦਾ ਏ।
ਰਾਵਲ ਪਿੰਡੀ ਵਿਚ ਖੁਲਿਆ ਕਾਰਖਾਨਾਂ,
ਲੰਡਨ ਜਿਹਾ ਬੂਟਾ ਸਿੰਘ ਧਨੀਂ ਦਾ ਏ।
ਲਾਣਾਂ ਧਨ ਨਭਾਵਣਾਂ ਮਨ ਲਾ ਕੇ,
ਪਿਆਰ ਕੰਮ ਨਾਹੀਂ ਜਨੀਂ ਖਨੀਂ ਦਾ ਏ।



Sri Satguru Jagjit Singh Ji Elibrary NamdhariElibrary@gmail.com

ਹੋਈ ਜਿਤ ਜਾਰਜ ਦਿਤਾ ਲਿਖ ਜਦ ਤਕ,
ਸਾਡਾ ਰਾਜ ਤੇ ਤੇਰੀ ਉਲਾਦ ਰਹੇਗੀ।
ਰਾਏ ਬਹਾਦਰ ਬੂਟਾ ਸਿੰਘ ਸੁ: ਸਾਹਿਬ,
ਸਾਡੀ ਮਿਤ੍ਰਤਾ ਕੀਤੀ ਦੀ ਯਾਦ ਰਹੇਗੀ।
ਰਾਏ ਬਹਾਦਰ ਸੁ: ਘਰ ਜੰਮ ਪਲਿਆ,
ਨਾਮ ਆਤਮਾਂ ਸਿੰਘ ਸੁਰੱਜ ਸੋਹਣਾਂ।
ਸਰੂ ਕਦ ਸੂਹਾ ਗੋਰਾ ਰੰਗ ਹਦੋਂ,
ਵਧ ਹਥ ਦਾ ਸਖੀ ਸੁਚੱਜ ਸੋਹਣਾਂ।
ਸਜ ਨਾਮਧਾਰੀ ਪਿਆਰੀ ਸਾਧ ਸੰਗਤ,
ਰੰਗਤ ਨਾਮ ਖੁਮਾਰੀ ਚਿ ਸੱਜ ਸੋਹਣਾਂ।
ਚਾਰੇ ਇਲਮ ਜਾਣੂੰ ਗੁਰੂ ਬਾਰਵੇਂ ਦਾ,
ਭੀ ਪ੍ਰਚਾਰ ਕਰਦਾ ਸੀ ਸੁਗੱਜ ਸੋਹਣਾਂ।
ਇਕ ਦਿਨ ਭਰਜਾਈ ਨੇ ਜਿਦ ਚਾਈ,
ਦਸਮ ਬਾਦ ਗੁਰੂ ਦੇਹੀ ਧਾਰ ਹੈਨਾਂ।
ਸਦਾ ਪੀੜੀ ਗੁਰੂ ਦੀ ਜੋ ਦਸਨਾ ਏਂ,
ਦਿਸੇ ਦਸਮ ਜਹੀ ਸਕਤ ਅਵਤਾਰ ਹੈਨਾਂ।
ਹੱਸ ਕਿਹਾ ਸੁਦਾਰ ਨੇ ਝੱਸ ਭਾਬੀ,
ਚਾਬੀ ਨਿਤ ਇਹ ਭਲੀ ਹੈ ਬਹਿਸ ਦੀ ਨਾਂ।
ਜਿਦੇ ਚੜ ਨ ਰਿਦੇ ਨੂੰ ਰੋੜ ਕਰੀਏ,
ਹਰੀਏ ਵੜ ਰੌਲੇ ਘੜੀ ਰਹਿਸ ਦੀ ਨਾਂ।
ਨਿਆਂ ਰਾਮ ਗੋਬਿੰਦ ਤੇ ਪਾਂ ਜੀ ਕੂੰ,
ਰਹਿੰਦੀ ਥਾਂ ਹੈ ਖਿੰਦ ਗੁੰਜਾਹਿਸ ਦੀ ਨਾਂ।
ਪਾਈਏ ਤੇਲ ਤਾ ਹਥ ਨ ਸੜੇ ਸਚਾ,



Sri Satguru Jagjit Singh Ji Elibrary NamdhariElibrary@gmail.com

ਰਗੜ ਸਵੇ ਇਹ ਝਗੜ ਖਰਗਹਿਸ ਦੀ ਨਾਂ।
ਉਸ ਕਿਹਾ ਚੰਗਾ ਇਸ ਰਾਮ ਰੰਗੇ,
ਮੰਗੇ ਬਿਨਾਂ ਸੀ ਕਰੀ ਅਵਾਰ ਹੈਨਾਂ।
ਤੇਲ ਤਾ ਖੁਲਾਇਆ ਹਥ ਪਾਈਏ,
ਲਈਏ ਪਰਖ ਗੁਰ ਸਦਾ ਅਵਤਾਰ ਹੈਨਾਂ।
ਤੇਲ ਤਪਦਾ ਵਖ ਕੇ ਝੱਕ ਬੋਲੀ,
ਘੋਲੀ ਹੱਥ ਪਾ ਪਹਿਲੋਂ ਸੁਦਾਰ ਸੰਤਾ।
ਪਤੀ ਸਾਥ ਤਾਂ ਸੜਨ ਮਨਜੂਰ ਸਾਨੂੰ,
ਕਾਂਨੂੰ ਨਾਲ ਤੇਰੇ ਸੜਾਂ ਨਾਰ ਸੰਤਾ।
ਤੈਨੂੰ ਵੇਖ ਵੈਹਦਾ ਜਿਦ ਭੁਗਤ ਲਾਂਗੀ,
ਸਾਂਗੀ ਸਦਾ ਗੁਰ ਪਰਖ ਅਵਤਾਰ ਸੰਤਾ।
ਹੋ ਸੁਦਾਰ ਪਾਇਆ ਪਿਆਰ ਨਾਰ ਸੰਤਾਂ,
ਮੈ ਤਾਂ ਕਹਾਂ ਤੈਨੂੰ ਬਾਰ ਬਾਰ ਸੰਤਾ।
ਸੁਣੇ ਸੰਤ ਪ੍ਰਹਿਲਾਦ ਸੁਧੰਨਵਾਂ ਸਨ,
ਨ ਸਨ ਸੜੇ ਤੂੰ ਸੰਤ ਕਹਾਵਨਾਂ ਏਂ।
ਹੋਵੇ ਰਾਮ ਰਖੇ ਓਵੇਂ ਪੈਜ ਆਪੇ,
ਜਾਪੇ ਝਕਨਾਂ ਏਂ ਹਥ ਨ ਪਾਵਨਾਂ ਏਂ।
ਸੰਤਾਂ ਰਾਮ ਦੇ ਨਾਮ ਦੀ ਪੈਜ ਸੁਣਦੇ,
ਗੁਣ ਦੇ ਗਾਹਕ ਨ ਸਹਿਜ ਵਿਚਾਰ ਕੀਤਾ।
ਧੰਨ ਸਤਿਗੁਰੂ ਬੋਲ ਚਾ ਹਥ ਪਾਇਆ,
ਆਇਆ ਰਾਮ ਬਲਦਾ ਠੰਡਾ ਠਾਰ ਕੀਤਾ।
ਵੇਖ ਭਾਬੀ ਸ਼ਤਾਬੀ ਦੇ ਨਾਲ ਕੋਲੋਂ,
ਬੋਲ ਖਿਚ ਬੀਨੀਂ ਹਥ ਬਾਹਰ ਕੀਤਾ।



Sri Satguru Jagjit Singh Ji Elibrary NamdhariElibrary@gmail.com

ਕੈਂਡਾ ਸਤਿਗੁਰੂ ਧੰਨ ਤੂੰ ਧੰਨ ਸਿਦਕੀ,
ਇਕੀ ਕੁਲਾਂ ਤੋਂ ਆਪਾ ਬਲਿਹਾਰ ਕੀਤਾ।
ਰਹੀ ਪੈਜ ਤੇਰੀ ਮੇਰੀ ਬਣੀਂ ਸ਼ਰਧਾ,
ਮਰਦਾਂ ਐਸਿਆਂ ਦਾ ਸਫਲ ਆਂਵਨਾਂ ਏ।
ਰਾਮ ਸਿੰਘ ਸਤਿਗੁਰੂ ਜੀ ਧੰਨ ਤੇਰੇ,
ਮੇਰੇ ਜਿਹਾਂ ਪਤਿਤਾਂ ਕੀਤਾ ਪਾਂਵਨਾਂ ਏ।
ਵੇਖ ਸਾਧੂਆਂ ਕੌਤਕਾ ਇਹ ਤੁਕ ਬੋਲੀ,
ਪੈਜ ਭਗਤਾਂ ਦੀ ਸਦਾ ਰਾਮ ਰਖੇ।
ਜੜ ਸਿਖ ਦੇ ਸਿਦਕ ਦੀ ਵਧੇ ਉਨੀਂ,
ਜਿੰਨਾਂ ਗੁਰੂ ਬਹੁੜੇ ਲਜਾ ਸਾਮ ਰਖੇ।
ਟੋਰੀ ਪਾਠ ਅਖੰਡ ਚਿਰ ਆਮ ਰਖੇ,
ਸੰਗ ਸਾਧੂਆਂ ਦਾ ਸੂਬਾ ਸ਼ਾਮ ਰਖੇ।
ਸਭ ਮਜਬਾਂ ਨੂੰ ਵੇਖੇ ਇਕ ਅੱਖੇ,
ਅਦਬ ਓਸ ਦਾ ਮਜਬ ਤਮਾਮ ਰਖੇ।
ਕਰ ਕੱਠ ਪੰਥਾਂ ਸੰਥਾ ਪਰੇਮ ਦਿਤੀ,
ਚਿਤੀਂ ਤਰਕ ਨ ਬਿਰਤ ਬਿਬਾਦ ਰਹੇਗੀ।
ਸਭਨਾਂ ਜਗਾ ਦਿਤੀ ਸਾਹਿਬ ਯਾਦ ਖਾਤ੍ਰ,
ਜਿਰਰ ਰਾਵਲਪਿੰਡੀ ਮਿਠੀ ਯਾਦ ਰਹੇਗੀ।
ਹੋਲਾ ਅਨਮੋਲਾ ਖੁਲਾ ਖਰਚ ਕੀਤਾ,
ਡੁਲਾ ਆਂਵਦਾ ਜੋ ਆਸਾਂ ਪਾਂਵਦਾ ਸੀ।
ਸੁਚਾ ਰਿਦਾ ਜਿਸਦਾ ਉਚਾ ਦਿਸਦਾ ਸੋ,
ਨੌਜਵਾਨਾਂ ਦਾ ਮੋਹਰੀ ਕਹਾਂਵਦਾ ਸੀ।
ਹਰ ਕੰਮ ਪੰਥਕ ਅਗੇ ਲਗ ਕਰਦਾ,



Sri Satguru Jagjit Singh Ji Elibrary NamdhariElibrary@gmail.com

ਸਭਾ ਸੋਭ ਦੀ ਬੋਲ ਅਲਾਂਵਦਾ ਸੀ।
ਵੀਰਾਂ ਜਿਹਾ ਵਜੀਰਾਂ ਚਿ ਇਕ ਜਿਥੇ,
ਦਿਲ ਖੋਹਲਜਵਾਹਰ ਸੁਨਾਂਵਦਾ ਸੀ।
ਨੰਦ ਰਾਏ ਬਹਾਦ੍ਰ ਹਰਿ ਆਤਮਾਂ ਦੀ,
ਖੁਸ਼ਬੋ ਤਾਜੀ ਬਾ ਸੁਆਦ ਰਹੇਗੀ।
ਕੀਤੇ ਕੰਮਾਂ ਦੀ ਬੀਤਿਆਂ ਦਮਾਂ ਪਿਛੋਂ,
ਵਹਿਮੀ ਸਮੇਂ ਲਮੇਂ ਤੀਕਰ ਯਾਦ ਰਹੇਗੀ।

## ਗੁਰੂ ਬਾਲਕ ਸਿੰਘ ਜੀ ਦੇ ਸਿਖ ਸੰਤ ਸਿੰਘ ਜੀ

ਜਿਥੋਂ ਹੇਕੇ ਮੈਂ ਸੁਣਿਆਂ ਤੋਲਿਖਿਆ ਹੈ ਓਥੇ ਹੇਕੇ ਆਪ ਸਮਝ ਸਕੋਗੇ

ਗੁਰੂ ਯਾਰਵੇਂ ਸ੍ਰੀ ਦਸਮੇਸ਼ ਗੁਰ ਤੋਂ
ਸਬਦ ਸਕਤ ਗੁਰਆਈ ਦੀ ਦਾਤ ਪਾਕੇ।
ਕਥਾ ਕੀਰਤਨ ਭਜਨ ਸਤਸੰਗ ਕਰਦੇ,
ਭਰਦੇ ਝੋਲੀਆਂ ਮਿਹਰ ਦੀ ਝਾਤ ਪਾਕੇ।
ਤੇਹੋ ਨਾਮ ਜਿਓਂ ਬਾਲਕਾਕਾਮ ਨਿਰਮਲ,
ਪਾਲਕ ਪ੍ਰੇਮ ਰਾਜੀ ਮੁਲਾਕਾਤ ਪਾਕੇ।
ਭਗਤਿ ਗਿਆਨ ਜੀਅ ਦਾਨ ਦੇ ਖੁਸ਼ ਹੁੰਦੇ,
ਹੁੰਦੀ ਜਿਵੇਂ ਪੁਤਾਂ ਮੁਖ ਮਾਤ ਪਾਕੇ।



Sri Satguru Jagjit Singh Ji Elibrary NamdhariElibrary@gmail.com

ਹਜਰੋ ਵਿਚ ਹਜੂਰ ਦਾ ਜੱਸ ਚਰਚਾ,
ਪਰਚਾ ਨਾਮਬਾਣੀ ਸੁਬਾ ਸ਼ਾਮ ਰੈਂਦਾ।
ਧਰਮ ਅਰਥ ਪੂਰਨ ਪਰਮ ਕਰਮ ਹੁੰਦਾ,
ਗੁਰੂ ਗਿਆਵੇਂ ਦੀ ਜੇਹੜਾ*ਸਾਮ ਲੈਂਦਾ।
ਇਕ ਅੰਧਲਾ ਕੰਗਲਾ ਪੇਟ ਭੁਖਾ,
ਬਸਤ੍ਰ ਮੰਗਦਾ ਰੁਤ ਸਿਆਲ ਦੀ ਸੀ।
ਦਰਦਰ ਖੜ ਫੜ ਕੰਨੀਆਂ ਕਰੇ ਮਿਨਤਾਂ,
ਸੁਣਦਾ ਅਰਜ ਨ ਕੋਈ ਕੰਗਾਲ ਦੀ ਸੀ।
ਆਯਾ ਰਹਿਮ ਮਹਿਰਮ ਕਿਸੇ ਮਤ ਦਿਤੀ,
ਲਿਤੀ ਸਾਰ ਉਸ ਉਹਦੇ ਸੁਆਲ ਦੀ ਸੀ।
ਦਰਦਰ ਭਟਕਦਾ ਕਿਉਂ ਉਰੇ ਅਟਕਦਾ ਕਿਉਂ,
ਪਾਈ ਦਸ ਉਸ ਦੀਨ ਦਿਆਲ ਦੀ ਸੀ।
ਕਥਾ ਕਰ ਬਗੀਚੀ ਦੇ ਵਿਚ ਰਹੇ ਨੇ,
ਕਿਉਂ ਨਹੀਂ ਪਹੁੰਚ ਸਵਾਰ ਤੂੰ ਕਾਮਲੈਂਦਾ।
ਕੀ ਲੋਈ ਦੀ ਲੋੜ ਕੋਈ ਥੋੜ ਨ ਰਹੇ,
ਗੁਰੂ ਗਿਆਰਵੇਂ ਦੀ ਜੇੜ੍ਹਾ ਸਾਮ ਲੈਂਦਾ।
ਉਹ ਪੁਛਦਾ ਪਹੁੰਚਿਆ ਝੱਟ ਓਥੇ,
ਜਿਥੇ ਕਥਾ ਕਰ ਦੀਨ ਦਿਆਲ ਰਹੇ ਸਨ।
ਸਿਖ ਸਤ ਬਚਨੀ ਚੁਗਨ ਵਤ ਹੰਸਾਂ,
ਮੋਤੀ ਮਾਨਸਰ ਮੁਖੋਂ ਉਛਾਲ ਰਹੇ ਸਨ।
ਜੁਗਤ ਭੁਗਤ ਦਾ ਖੋਹਲ ਭੰਡਾਰ ਦਾਤੇ,
ਸੂਮਾਂ ਨਿਰਧਨਾਂ ਦੇ ਕੱਟ ਕਾਲ ਰਹੇ ਸਨ।

---

*ਆਸਰਾ



Sri Satguru Jagjit Singh Ji Elibrary NamdhariElibrary@gmail.com

ਸਮਾਂ ਸਮਝਕੇ ਸੁਫਲ ਓਸ ਅਰਜ ਕੀਤੀ,
ਜਿੰਨ੍ਹੂੰ ਗਰਜ ਦੇ ਆ ਉਬਾਲ ਰਹੇ ਸਨ।
ਦੁਖ ਦਸਿਆ ਬੁਢੇ ਭੀ ਢਿਡ ਭੁਖਾ,
ਲੋੜ ਲੋਈਦੀ ਹੈ ਪਾਲਾ ਆਮ ਪੈਂਦਾ।
ਸੁਣ ਆਇਆਂ ਤਨ ਮਨ ਦੇ ਦੁਖ ਮਿਟਦੇ,
ਗੁਰੂ ਗਿਆਰਵੇਂ ਦੀ ਜੇੜ੍ਹਾ ਸਾਮ ਲੈਂਦਾ।
ਭੇਜ ਸਿਖ ਪ੍ਰਸਾਦ ਨੂੰ ਬਚਨ ਕੀਤਾ,
ਦਾਨ ਸਿਰਾਂ ਦਾਨਾਂ ਪਕੇ ਅੰਨਦਾ ਏ।
ਸਰਬ ਤੀਰਥਾਂ ਦਾ ਫਲ ਧਰਮ ਮਾਰਗ,
ਦੁਖੀ ਇਕ ਦੇ ਕਰਨ ਪ੍ਰਸੰਨ ਦਾ ਏ।
ਸੇਵਕ ਧਰਮ ਦੇ ਲਭ ਲੈ ਗੁਣ ਸਭੇ,
ਜੇਕੋਈ ਸਾਹਿਬ ਦੀਆਗਿਆ ਮੰਨਦਾ ਏ।
ਵਰਖਾ ਕਾਲ ਨ ਰੁੜੇ ਵਰਿਹਾਲ ਉਹਦੀ,
ਖਿਆਲ ਰਖਦਾ ਜੋ ਵਟਾਂ ਬੰਨਦਾ ਏ।
ਸੰਤ ਸਿੰਘ ਸੁਣ ਕੇ ਬਚਨ ਜੋਗ ਸੰਤਾਂ,
ਲੋਈ ਕੀਮਤੀ ਮਾਂਗਤ ਨੂੰ ਲਾਹ ਦੇਂਦਾ।
ਆਇਆ ਭੋਜਨਪਾਇਆ ਭੁਖੇਮਨ ਭਰਕੇ,
ਹੋ ਪ੍ਰਸੰਨ ਖੁਸ਼ੀਆਂ ਖਾਹ ਮਖਾਹ* ਦੇਂਦਾ।
ਅੰਨ ਦਾਤਿਆ ਸਦਾ ਪਰਸੰਨ ਰਹੇਂ ਤੂੰ,
ਨੰਗੇ ਕਪੜਾ ਦੇਂਦਿਆਂ ਦਾਨ ਤੇਰਾ।

---

*(ਕੋਂਦਾ) ਅੰਨ ਕਾ ਦਾਤਾ ਸਦਾ ਸੁਖੀ। ਅੰਨ ਕਾ ਦਾਤਾ ਤਰੈ ਭਵਨ ਮੇਂ ਮੁਖੀ। ਅੰਨ ਕੇ ਦਾਤੇ ਕੇ ਸਦਾ ਸੁਧ ਕਾਜ। ਅੰਨ ਕੇ ਦਾਤੇ ਦੀ ਮਹਾਰਾਜ ਕੋ ਲਾਜ।



Sri Satguru Jagjit Singh Ji Elibrary NamdhariElibrary@gmail.com

ਵਧੇ ਫੁਲੇ ਸਦ ਬੀਜਿਆ ਹਰਾ ਹੋਵੇ,
ਇਕ ਤੋਂ ਕਰੇ ਅਨੇਕ ਭਗਵਾਨ ਤੇਰਾ।
ਸੁਣਇਹ ਸੰਤਸਿੰਘ ਖਿਚ ਲਈ ਲੋਈ ਵਾਪਸ,
ਬੋਲ ਪੁਜਦਾ ਨਹੀਂ ਸੌਦਾ ਜਾਨ ਤੇਰਾ।

ਸਜਨ ਤੇਰੇ ਜਹੇ ਹੁੰਦਿਆਂ ਦੁਸ਼ਮਨਾਂ ਦੀ,
ਨਹੀਂ ਲੋੜ ਹੈ ਸਹੀ ਬਿਆਨ ਤੇਰਾ।
ਸਚ ਆਖਦੇ ਨੇ ਮੂਰਖ ਮਿਤ ਮੰਦਾ,
ਕਰ ਲਾਹ ਕੇ ਥਾਂ ਵਿਨਾਹ ਦੇਂਦਾ।

ਸੁਣ ਮੈਂ ਡਰ ਗਿਆਂ ਤੂੰ ਜੋ ਕਰ ਰਿਹਾ ਏਂ,
ਪਿਆ ਵਰ ਜੋ ਖਾਹ ਮਖਾਹ ਦੇਂਦਾ।
ਬੁਢਾ ਦੁਖੀ ਹੋ ਆਖਦਾ ਵਜਾ ਕੀ ਇਹ,
ਦਾਨ ਦੇ ਪਰਤਾਨ ਤਾਂ ਧਰਮ ਨਾਹੀਂ।
ਸੰਤ ਕਹੇ ਕੀਤੇ ਜਿਦ੍ਹੂ ਬਿਆਜ ਵਧਦਾ,
ਨਿਤ ਮੂਲ ਘਟਦਾ ਖਟੀ ਕਰਮ ਨਾਹੀਂ।
ਵਧੀ ਦਾਨ ਦਾਤਾ ਅਤੀ ਠੰਡ ਪੈਂਦੀ,
ਮੈਂਡੇ ਕੋਲ ਕੋਈ ਕਪੜਾ ਗਰਮ ਨਾਹੀਂ।

(ਸੰਤ ਸਿੰਘ ਕਿਹਾ)ਐਸਾ ਧਰਮਕੋਈ ਕਰੇਨਪਰੇਦੇਜਕ
ਰਹਿਣ ਦਿਤਾ ਕਬੀਰ ਜੀ ਭਰਮ ਨਾਹੀਂ।
ਕੀਤੇ ਵਚਨ ਵਾਪਸ ਲਵੇਂ ਕਵੇਂ ਲੀਤੀ,
ਲੋਈ ਆਪਣੀ ਮੈਂਧਰੀ ਧੁਰਾਂ ਦੀ ਏ।
ਸਮੇਂ ਸਿਰ ਆਈ ਸੂਝ ਬੜੀ ਬੁਢੇ,
ਹੋਈ ਮਿਹਰ ਮੇਰੇ ਉਤੇ ਗੁਰਾਂ ਦੀ ਏ।



Sri Satguru Jagjit Singh Ji Elibrary NamdhariElibrary@gmail.com

ਗਲ ਟੌਲੇ ਦੀ ਵਲ ਧਿਆਨ ਦੇ ਕੇ,
ਸਾਹਿਬਾਂ ਸਦਕੇ ਆਖਿਆ ਦੋਹਾਂ ਤਾਈਂ।
ਹੈ ਪਾ ਝਗੜਾ ਬਿਖੜੇ ਰਾਹ ਦੇਂਦਾ,
ਘੜੀ ਭੁਲ ਦੀ ਭਟਕ ਸੈ ਕੋਹਾਂ ਤਾਈਂ।
ਸੁਣ ਦੋਹਾਂ ਦੀ ਕਿਹੋ ਨੇ ਸੰਤ ਸਿੰਘ ਨੂੰ,
ਦੇ ਕਿਉਂ ਇਤਨੀਆਂ ਕਢੇ ਵਜੋਹਾਂ ਤਾਈਂ।
ਕੀਤੀ ਅਰਜ ਉਸ ਗਿਰਨ ਤੋਂ ਸਿਖ ਬਚਦਾ,
ਉਚੇ ਬਚਨਾਂ ਦੀ ਲੈ ਕੇ ਢੋਹਾਂ ਤਾਈਂ।
ਜਿਸ ਦੀ ਵਸਤ ਹੋਵੇ ਤਿਸੇ ਹਥ ਆਵੇ,
ਭਟਕ ਆਸ ਐਸੇ ਵਰਾਂ ਢੂਰਾਂਦੀ ਏ।
ਭੁਗਤਨ ਵਰ ਲਈਭਵਾਂ ਕਈਜਨਮ ਕਿਉਂਮੈਂ,
ਅਚਲ ਮਤ ਜਦ ਆਪ ਸਤਿਗੁਰਾਂ ਦੀ ਏ।
(ਗੁਰੂ ਜੀ)
ਪੁਰਸ਼ਾ ਵਰ ਤੇਰੇ ਚੰਗੇ ਹੈਨ ਪਰ ਇਹ,
ਜਮ ਧਾਮ ਜਨਮਾਂ ਚਿ ਭਵਾਨ ਵਾਲੇ।
ਲੰਮੇ ਫੇਰ ਨਿਕੰਮੇ ਨ ਫੇਰ ਫੇੜਨ,
ਹੋਸ਼ ਵੰਦ ਜੋ ਪੰਧ ਮੁਕਾਨ ਵਾਲੇ।
ਨਾਮਵੰਤ ਅਸਥਾਨ ਕਿਉਂ ਕੈਦ ਮੰਨਣ,
ਨਿਰ ਆਸ ਜੋ ਪਦ ਨਿਰਬਾਨ ਵਾਲੇ।
ਸਾਹਿਬ ਲਈ ਸੋ ਹੋਰ ਨ ਲਾਣ ਬਾਜੀ,
ਰਾਜੀ ਰਜਾ ਚਿ ਰਹੇ ਰੀਝਾਨ ਵਾਲੇ।
ਸੁਣ ਮੰਨ ਮਾਂਗਤ ਲੈ ਵਰ ਵਾਪਸ,
ਸੰਤ ਸਿੰਘ ਲੋਈ ਉਸਦੇ ਹਥ ਦਿਤੀ।



Sri Satguru Jagjit Singh Ji Elibrary NamdhariElibrary@gmail.com

ਗੁਰਾਂ ਕਿਹਾ ਨਿਭੇ ਜੋੜੀ ਸਾਹਿਬ ਤੈਨੂੰ,
ਨਿਗਾਹ ਸਹਿਜ ਇਹ ਸਾਂਤ ਸਮਰੱਥ ਦਿਤੀ।
ਮਾਨ ਮਾਇਆ ਦੀ ਬਾਨ ਪੈ ਜਾਏ ਅਟਕਨ;
ਡਿਠੇ ਜੜ ਚੈਤੰਨ ਨੂੰ ਤਜਨ ਵਾਲੇ।
ਰੁਝੇ ਰਿਧੀਆਂ ਸਿਧੀਆਂ ਵਿਚ ਵੇਖੇ,
ਜਪ ਤਪ ਸਕਤੀ ਸਤ ਭਜਨ ਵਾਲੇ।
ਪਰੀਆਂ ਭੋਗ ਪਦਾਰਥਾਂ ਕਰਨ ਪ੍ਰਾਪਤ,
ਮਨ ਇਛ ਦਾਨੀ ਮਹਾਂ ਸਜਨ ਵਾਲੇ।
ਓਰੇ ਗੁਰ ਪੂਰੋਂ ਸੁਰ ਨਰਦੇਵ ਅਟਕੇ,
ਬਾਨੀ ਗ੍ਰੰਥ ਪੰਥਾਂ ਦਮ ਗਜਨ ਵਾਲੇ।
ਵਹਿਮੀ ਸੱਤ ਹੀ ਭਾਈ ਗੁਰਦਾਸ ਬਾਣੀ,
ਲਿਖ ਬੇਦ ਪੁਰਾਨਾਂ ਨੂੰ ਮੱਥ ਦਿਤੀ।
ਗੁਰ ਸਿਖਾਂ ਚਿ ਸਹਿਜ ਸਮਾਈ ਵਡੀ,
ਹਉਮੈ ਰਹਿਤ ਸਤਿਗੁਰੂ ਸਮਰੱਥ ਦਿਤੀ।

ਗੁਰ ਸਿਖਾਂ ਦਾ ਜੀਵਨ ਸੁਚਾ।
ਹਉਮੈ ਲਹਿਣਿਉਂ ਦੇਣਿਉਂ ਉਚਾ।
ਜੀਵਨ ਮੁਕਤ ਗੁਰੂ ਸਿਖ ਪਿਆਰੇ।
ਰੇੜ ਝੇੜਿਓ ਰਹਿਣ ਨਿਆਰੇ।



Sri Satguru Jagjit Singh Ji Elibrary NamdhariElibrary@gmail.com

# ਇਹ ਪ੍ਰੇਮ ਚਾਲ ਹੈ ਸੀ

ਅਜ ਕਲ ਤਾਂ ਖੁਸ਼ਕ ਜਹੀ ਹੋਈ ਸਿਖੀ,
ਓਸ ਸਮੇਂ ਦੀ ਇਹ ਪ੍ਰੇਮ ਚਾਲ ਹੈ ਸੀ।

ਸਿਖ ਸਿਖ ਨੂੰ ਵਿਦਿਆ ਕਰਨ ਟੁਰਿਆ,
ਉਹਦੇ ਪਹੁੰਚ ਜਾਂਦਾ ਨਗਰ ਨਾਲ ਹੈ ਸੀ।

ਅਗੋਂ ਤੀਸਰੇ ਨੂੰ ਰਲ ਮਿਲਨ ਟੁਰਦੇ,
ਜਾਂਦਾ ਪਿਛੇ ਦਾ ਭੁਲ ਖਿਆਲ ਹੈ ਸੀ।

ਇਸੇ ਤਰਾਂ ਹੀ ਮਿਲ ਬਿਅੰਤ ਸਾਧੂ,
ਕਰਦੇ ਦੇਸ ਦੇ ਤਾਈਂ ਨਿਹਾਲ ਹੈ ਸੀ।

(ਨਵਾਂ ਪਰੇਮ ਸੀ ਜਦੋਂ) ਇਹ ਚਾਲ ਸੀ ਤਦੋਂ।
(ਵਹਿਮੀ ਭੀ ਕੁਝ ਵੇਖੀ) ਇਹ ਪਰੇਮ ਕਾਰ ਵਸੇਖੀ।



Sri Satguru Jagjit Singh Ji Elibrary NamdhariElibrary@gmail.com

# ਮਲੇਰ ਕੋਟਲੇ ਵਾਲੇ ਸ਼ਹੀਦਾਂ ਦਾ ਚਿਤ੍ਰ

## ਵਲੋਂ—ਸੰਤ ਇੰਦਰ ਸਿੰਘ ਜੀ ਚ: ਵ:

ਮਾਏ ਵੇਖ ਅਜ ਕੈਹਰ ਦਾ ਮੀਂਹ ਲਥਾ,
ਗੜ੍ਹਾ ਵਸਦਾ ਪਿਆ ਗੁਲਜਾਰ ਅੰਦਰ
ਆਣ ਫੰਦਕਾਂ ਬੁਲ ਬੁਲਾਂ ਫਾਹੀਆਂ ਨੇ,
ਸ਼ੋਕ ਪਿਆ ਹੈ ਤਦੋ ਬਹਾਰ ਅੰਦਰ
ਭਾਰਤ ਪੂਤ ਸੋਹਣੇ ਬਾਜਾਂ ਵਾਲੜੇ ਦੇ,
ਬਣੇ ਹੋਏ ਨੇ ਇਕ ਕਤਾਰ ਅੰਦਰ
ਚੇਹਰੇ ਤੇਜ ਚਮਕੇ ਵਾਂਗੂੰ ਲਾਲ ਸੋਹਣੇ,
ਸੋਹਣੇ ਹੰਸਾਂ ਦੀ ਖੜੀ ਏ ਡਾਰ ਅੰਦਰ
ਗਊ ਗ੍ਰੀਬ ਦਾ ਦੁਖ ਨ ਝੱਲ ਸਕੇ,
ਕੀਤੇ ਸ਼ੋਕ ਨੇ ਆਨ ਲਾਚਾਰ ਅੰਦਰ
ਦੁਖ ਭਾਰਤ ਦਾ ਵੇਖ ਨ ਝੱਲਿਆ ਏ,
ਤਦੇ ਆਏ ਨੀ ਪ੍ਰੇਮ ਬਜ਼ਾਰ ਅੰਦਰ
ਉਤੇ ਤਲੀ ਦੇ ਸੀਸ ਟਕਾਏ ਜੇੜ੍ਹਾ,
ਹਥੀਂ ਆਪਣੀ ਖੰਡੇ ਦੀ ਧਾਰ ਅੰਦਰ
ਗਲੀ ਪਿਆਰੇ ਦੀ ਉਚਰ ਨ ਲਭਦੀ ਏ,
ਜਿਚਰ ਦੁਨੀ ਦਾ ਹੋਵੇ ਪਿਆਰ ਅੰਦਰ
ਗਲੀ ਓਸੇ ਦੇ ਇਹ ਪੰਧਾਊ ਦਿਸਦੇ,
ਤਦੇ ਆਏ ਨੀ ਸੀਸ ਉਤਾਰ ਅੰਦਰ
ਔਹ ਤਕ ਗੜ੍ਹਾ ਪਿਆ ਵੱਸਦਾ ਹੈ,
ਫਾਇਰ ਤੋਪ ਦੇ ਨਹੀਂ ਸ਼ੁਮਾਰ ਅੰਦਰ



Sri Satguru Jagjit Singh Ji Elibrary NamdhariElibrary@gmail.com

ਤੂੰਬੇ ਇਕ ਦੇ ਤੋਪ ਉੜਾ ਦੇਂਦੀ,
ਦੂਜਾ ਖੜੇ ਆ ਗੋਲੇ ਦੀ ਮਾਰ ਅੰਦਰ।
ਗਮ ਫਿਕਰ ਅੰਦੇਸ਼ਾ ਨ ਹਾਏ ਮਰਿਆਂ,
ਦੇਵੇ ਛਡਨ ਆਵੇ ਮੁਖਾਰ ਅੰਦਰ।
ਕਾਹਲਾ ਇਕ ਕੋਲੋਂ ਇਕ ਦਿਸਦਾ ਏ,
ਮਿਲਨ ਮਰਤਬੇ ਜਿਵੇਂ ਸਰਕਾਰ ਅੰਦਰ।
ਮੇਰੀ ਵੇਰ ਹੈ ਲਾਉ ਨ ਡੇਰ ਛੇਤੀ,
ਕਰਾਂ ਦਰਸ ਜਾ ਗੁਰੂ ਦਰਬਾਰ ਅੰਦਰ।
ਫਾਂਸੀ ਤਾਈਂ ਹਾਸੀ ਕਰ ਛਡਦੇ ਨੀ,
ਡਰ ਮੌਤ ਦਾ ਨਹੀਂ ਵਿਚਾਰ ਅੰਦਰ।
ਨੀ ਉਹ ਵੇਖ ਇਕ ਅੱਲੜ੍ਹਾ ਬਾਲ ਸੋਹਣਾ,
ਖਾਦਾ ਰੱਜ ਨ ਜਿਸ ਸੰਸਾਰ ਅੰਦਰ।
(ਕਾਵਨ ਦੀ ਮੇਂਮ) ਮੇਂਮ ਆਖਦੀ ਮਾਰ ਨ ਸਾਹਿਬ ਇਸਨੂੰ,
ਤਰਸ ਕਰ ਕੁਛ ਏਸ ਨਿਦਾਨ ਉਤੇ।
ਫਸਿਆ ਇਹ ਅਨਜਾਨ ਅਨਭੋਲ ਐਵੇਂ,
ਕੁਛ ਡਿਠਾ ਨ ਏਸ ਜਹਾਨ ਉਤੇ।
ਸ਼ਕਲ ਵੇਖ ਇਸਦੀ ਅਕਲ ਗੁੰਮ ਹੋਵੇ,
ਕਿਵੇਂ ਬੱਧਾ ਸੂ ਲੱਕ ਮਰ ਜਾਨ ਉਤੇ।
ਕਰੇ ਜੀਅ ਜਾਨੀ ਯੂਰਪ ਵਾਰ ਸੁਟਾਂ,
ਏਸ ਸੋਹਣਿਆਂ ਦੇ ਮਿਹਰਬਾਨ ਉਤੇ।

(ਕਾਵਨ ਦਾ ਉਤਰ)

ਜੇ ਕਰ ਆਖੇ ਮੈਂ ਸਿਖ ਨਹੀਂ ਸਤਿਗੁਰੂ ਦਾ,
ਇਸ ਨੂੰ ਮਰਨ ਤੋਂ ਹੁਣੇ ਬਚਾ ਦਿਆਂਗਾ।



Sri Satguru Jagjit Singh Ji Elibrary NamdhariElibrary@gmail.com

ਸਿਖੀ ਛਡ ਬਣੇ ਵਫਾਦਾਰ ਪਰਜਾ,
ਨਾਲ ਮਾਣ ਦੇ ਘਰੀਂ ਪੁਚਾ ਦਿਆਂਗਾ।
ਰਖੇ ਐਂਠ ਸਿਖੀ ਵਾਲੀ ਅਜੇ ਭੀ ਜੋ,
ਧਰ ਤੋਪ ਦੇ ਅੱਗੇ ਉਡਾ ਦਿਆਂਗਾ।
ਲੋਕੀਂ ਜਾਣਦੇ ਨੀ ਮੇਰਾ ਨਾਮ ਕਾਵਨ,
ਮੈਂ ਭੀ ਆਪਣਾ ਜੋਰ ਵਿਖਾ ਦਿਆਂਗਾ।
(ਕਵੀ) ਭਲਾ ਸਿਖ ਹੋਵੇ ਸਤਿਗੁਰੂਰਾਮ ਸਿੰਘਦਾ,
ਇਹ ਗੱਲ ਸੁਣ ਕੇ ਜਰ ਜਾਏ ਕਿਵੇਂ।
ਅੰਮ੍ਰਿਤ ਪਾਨ ਕੀਤਾ ਖੰਡੇ ਧਾਰ ਹੋਵੇ,
ਮੌਤ ਸਾਹਮਣੇ ਦੇਖ ਡਰ ਜਾਏ ਕਿਵੇਂ।
ਹੋ ਦੀਦਾਰ ਕੀਤਾ ਚੀਨੀ ਵਾਲੜੇ ਦਾ,
ਅਗੇ ਗੈਰ ਦੇ ਵਾਸਤਾ ਪਾਏ ਕਿਵੇਂ।
ਕੰਨੀ ਸੁਣ ਕੇ ਨਿੰਦਿਆ ਸਤਿਗੁਰੂ ਦੀ,
ਦੇਵੇ ਸੀਸ ਨ ਧੀਰ ਧਰਾਏ ਕਿਵੇਂ।



Sri Satguru Jagjit Singh Ji Elibrary NamdhariElibrary@gmail.com

## ਭਾਈ ਬਿਸ਼ਨ ਸਿੰਘ ਜੀ ਦੀ ਸ਼ਹੀਦੀ

ਲੰਮੀ ਦਾੜ੍ਹੀ ਨੂੰ ਪਾਇਕੇ ਹਥ ਦੋਵੇਂ,
ਝੱਟਕਾ ਮਾਰ ਕੇ ਖੂਬ ਹਲਾ ਦਿੱਤੀ।
ਮੂੜ ਆਖੀਂ ਨ ਮੈਨੂੰ ਮੈਂ ਸਿਖ ਨਾਹੀ,
ਗਰਜ ਸ਼ੇਰ ਨੇ ਜਾਨ ਮੁਕਾ ਦਿੱਤੀ।
ਪਾਸ ਖੜੇ ਸਣ ਕਾਵਨ ਦੇ ਨੌਕਰਾਂ ਨੇ,
ਹਾਲ ਵੇਖ ਤਲਵਾਰ ਚਲਾ ਦਿੱਤੀ।
ਵੱਡੇ ਹੱਥ ਪਿੱਛੋਂ ਪਹਿਲੋਂ ਸੂਰਮੇ ਨੇ,
ਸੋਹਣੀ ਜਿੰਦੜੀ ਘੋਲ ਘੁਮਾ ਦਿੱਤੀ।

ਸਤਜੀਤ ਸਿੰਘ ਪੁਸਤਕਾਲਯ
ਪੁਸਤਕ ਨੰ: ..........
ਅਲਮਾਰੀ ..........
ਸ੍ਰੀ ਭੈਣੀ ਸਾਹਿਬ

## ਰਾਮ ਦੀ ਭਾਲ

ਵਲੋਂ--ਕਵਿ ਮ੍ਰਗੇਸ਼, ਨਿਰੰਜਨ ਸਿੰਘ ਜੀ ਅੰਮ੍ਰਿਤਸਰ ਛੋਟਾ

ਬਾਬਾ ਗਿਆ ਦਰਬਾਰਾ ਸਿੰਘ ਲੁਧਿਆਣੇ,
ਰਾਏ ਪੁਰ ਦਾ ਖਾਸ ਵਸਨੀਕ ਹੈ ਸੀ।
ਪੰਥਕ ਮਾਮਲੇ ਕੁਲ ਨਜਿਠਨੇ ਲਈ,
ਕੀਤਾ ਗੁਰਾਂ* ਨੀਯਤ ਉਹਨੂੰ ਠੀਕ ਹੈ ਸੀ।

*ਗੁਰੂ ਹਰੀ ਸਿੰਘ ਜੀ।

ਬਾਰ ਬੱਟਨ ਨੇ ਸਦਿਆ ਉਸ ਤਾਈਂ,
ਕਰਦਾ ਕੰਮ ਕੋਈ ਤਸਦੀਕ ਹੈ ਸੀ
ਗੱਲਾਂ ਕਰਦਿਆਂ ਸਦਾ ਦੇ ਲਾਲ ਵਾਲਾ,
ਸਾਰਾ ਖੋਲ੍ਹਿਆ ਹਾਲ ਤਹਿਕੀਕ ਹੈ ਸੀ
ਭਰਿਆ ਵਾਂਗ ਫੋੜੇ ਦਿਲ ਦਰਦ ਹੈ ਸੀ,
ਵਜੀ ਸੱਟ ਵੈਰਾਗ ਝੱਟ ਖੁਲ ਗਿਆ

ਦਬੀ ਬ੍ਰਿਹੋਂ ਦੀ ਅਗ ਭੜਕ ਉਠੀ,
ਜਾਣੋਂ ਘਿਉ ਅੰਗਾਰ ਤੇ ਡੁਲ ਗਿਆ
ਮੇਮ ਵੇਖ ਕੇ ਹਾਲ ਨ ਜਰ ਸਕੀ,
ਝੱਟ ਵਾਂਗ ਪਤੰਗ ਨਿਸੰਗ ਹੋ ਗਈ
ਸੁਣ ਕੇ ਬੇਇਨਸਾਫ ਦਿਲ ਤਰਸ ਆਇਆ,
ਸੁਖਨ ਸਾਹਬ ਦੇ ਸੁਣਦਿਆਂ ਤੰਗ ਹੋ ਗਈ

ਘਰ ਦੈਂਤ ਦੇ ਪੁਤ ਪ੍ਰਹਿਲਾਦ ਜਿਵੇਂ,
ਰਾਮ ਨਾਮ ਦਾ ਕਰਨ ਉਪਦੇਸ਼ ਆਈ
ਜਾਂ ਉਹ ਆਪ ਅਕਾਲ ਦੀ ਖੇਡ ਹੈ ਸੀ,
ਚੀਨੀ ਵਾਲੇ ਦਾ ਦੇਣ ਸੰਦੇਸ ਆਈ
ਕੌਤਕ ਰਚ ਕੇ ਸਵਾਂਗ ਬਣਾਏ ਬੈਠਾ,
ਜਾਂ ਇਹ ਨਵਾਂ ਉਹ ਸਾਜ ਕੇ ਭੇਸ ਆਈ

ਖਾਤ੍ਰ ਦੇਸ ਪ੍ਰਦੇਸ ਮ੍ਰਗੇਸ਼ ਸਤਿਗੁਰ,
ਕਾਰਨ ਮੇਲ ਵਕੀਲ ਬਣ ਪੇਸ਼ ਆਈ
ਬੋਲੀ ਨਾਲ ਜਬਾਨ ਰਸੀਲੜੀ ਦੇ,
ਜਿਸਨੂੰ ਸੁਣਦਿਆਂ ਦਿਲ ਅਨੰਦ ਹੋਵੇ



Sri Satguru Jagjit Singh Ji Elibrary NamdhariElibrary@gmail.com

ਖਿਜ਼ਾ ਰੁਤ ਦੇ ਵਿਚ ਬਸੰਤ ਖਿੜ ਪਈ,
ਡਿੱਠਾ ਜਿਵੇਂ ਚਕੋਰ ਨੇ ਚੰਦ ਹੋਵੇ।
ਜਾਗੇ ਭਾਗ ਬ੍ਰਹਮਾਂ ਦੇ ਵਾਸੀਆਂ ਦੇ,
ਚੰਦਨ ਬਿਰਛ ਜਿਉਂ ਨਿੰਮ ਮਹਿਕਾ ਬੈਠਾ।
ਬਦਲ ਉਡ ਗਏ ਦੇਸ ਪੰਜਾਬ ਉਤੋਂ,
ਉਥੇ ਮਿਹਰ ਦਾ ਮੀਂਹ ਵਰਸਾ ਬੈਠਾ।
ਓਸ ਮੇਮ ਨੇ ਦਸਿਆ ਹਾਲ ਸਾਰਾ,
ਗਡੀ ਚੜ ਕਲਕਤੇ ਵਿਚ ਜਾਉ ਤੁਸੀਂ।
ਓਥੋਂ ਬੈਠ ਜਹਾਜ ਰੰਗੂਨ ਜਾਉ,
ਦਿਨ ਖਸਟਮੇ ਨੂੰ ਪੈਰ ਲਾਉ ਤੁਸੀਂ।
ਮੁਗਲ ਸ਼ਾਹ ਬਹਾਦਰ ਸੀ ਕੈਦ ਜਿਥੇ,
ਉਹ ਬੰਗਲਾ ਪੁਛ ਪੁਛਾਉ ਤੁਸੀਂ।
ਪਹਿਰੇ ਚਾਰ ਚੁਫੇਰੇ ਬੰਦੂਕ ਦੇ ਨੇ,
ਗੌਰਮਿੰਟ ਤੋਂ ਭੇਤ ਛਪਾਉ ਤੁਸੀਂ।
ਬਾਰ ਬਟਨ ਸੁਣ ਬਾਤ ਹਰਾਨ ਹੋਇਆ,
ਕੈਂਦਾ ਓਸ ਨੂੰ ਤੂੰ ਖਬਰਦਾਰ ਹੋ ਜਾ।
ਕਿਸੇ ਜੁਰਮ ਕਾਰਨ ਨਜਰ ਬੰਦ ਕੀਤੇ,
ਕਰ ਨੀਤ ਦੀ ਸਮਝ ਤੇ ਮਾਹਰ ਹੋ ਜਾ।

(ਮੇਮ ਵਲੋਂ ਜਵਾਬ)

ਕੀਤਾ ਕੈਦ ਮਸੀਹ ਯਹੂਦੀਆਂ ਜਦ,
ਸਾਹਬ ਦਸਣਾ ਜਰਾ ਵਿਚਾਰ ਕਰਕੇ।
ਸਦ ਯਸੂ ਦੇ ਕਿਸੇ ਮੁਰੀਦ ਤਾਈਂ,
ਦੇਵੇ ਪਤਾ ਯਹੂਦੀ ਪਿਆਰ ਕਰਕੇ।



Sri Satguru Jagjit Singh Ji Elibrary NamdhariElibrary@gmail.com

ਹੁੰਦਾ ਉਸਦਾ ਪੁੰਨ ਜਾਂ ਪਾਪ ਕੋਈ,
ਜੋੜਾ ਮੇਲ ਦੇਂਦਾ ਉਪਕਾਰ ਕਰਕੇ।
ਹੋਇਆ ਚੁਪ ਮ੍ਰਗੇਸ਼ ਕਵਿ ਬਟਨ ਬਿਲਾ,
ਲਾ ਜਵਾਬ ਹੋਇਆ ਝਖਮਾਰ ਕਰਕੇ।

ਗੁਰੂ ਹਰੀ ਸਿੰਘ ਜੀ ਨੂੰ ਆ ਉਨ ਦਸਿਆ।
ਕਮਰ ਕਸਾ ਓਸ ਅਮਰ ਲੈ ਕੱਸਿਆ।
ਜਾਏ ਰਾਮ ਦਾ ਦਰਸਨ ਪਾਏ।
ਹੁਕਮ ਨਾਮਾਂ ਗੁਰ ਪ੍ਰਿਥਮ ਲਿਆਏ।
੧੯੩੧ ਮਾਹੀ,ਇਹ ਵਾਰਤਾ ਵਰਤੀ ਆਹੀ।
(ਵਹਿਮੀ)

## ਤੇਰੇ ਚਰਨਾਂ ਦੀ ਖਾਕ ਨੂੰ ਤਰਸਦੇ ਨੇ

ਮੀਹਾਂ ਸਿੰਘ ਸਾਧੂ ਜੰਡੂ ਖੇਤ ਬੰਨੇ,
ਭੁਬਾਂ ਮਾਰ ਊਂਦੀ ਘਤ ਰੋਈ ਜਾਵੇ।
ਆਖੇ ਦੇਹ ਪਿਆਰਿਆ ਆਣ ਦਰਸ਼ਨ,
ਮੇਰੀ ਜਾਣ ਦੀ ਪੇਸ਼ ਨ ਕੋਈ ਜਾਵੇ।
ਇਕ ਫਸਲ ਪੱਕਾ ਇਕਲਾਪ ਦੂਜਾ,
ਤੀਜਾ ਤੁਰਨ ਦਾ ਵੀ ਨਹੀਂ ਬਲ ਜੋਰਾ।



Sri Satguru Jagjit Singh Ji Elibrary NamdhariElibrary@gmail.com

ਚੌਥਾ ਪਤਾ ਭੀ ਦਾਸ ਗਰੀਬ ਨੂੰ ਨਹੀਂ,
ਕਿਥੇ ਆਪ ਸਰਕਾਰ ਦਾ ਅਜ ਡੇਰਾ।
ਤੁਸਾਂ ਬੇ ਪ੍ਰਵਾਹ ਬੇਅੰਤ ਲੇਖੇ,
ਵੇਖੇ ਬਿਨਾਂ ਨਹੀਂ ਲੱਗਦਾ ਜੀਅ ਮੇਰਾ।
ਚੀਨੀ ਟੋਰ ਕੇ ਫੜੇਂ ਜੇ ਆਣ ਬਾਹੋਂ,
ਹੋਵੇ ਪ੍ਰੀਤਮਾਂ ਕੁਝ ਨ ਹਰਜ ਤੇਰਾ।
ਮੈਂ ਭੀ ਸਿਖ ਤੇਰਾ ਉਹ ਭੀ ਸਿਖ ਤੇਰੇ,
ਜੇਹੜੇ ਨਿਤ ਭੌਰੇ ਚਰਨ ਪਰਸਦੇ ਨੇ।
ਕੇਹੜੇ ਦੋਸ ਤੋਂ ਪਿਆਰਿਆ ਨੈਣ ਮੇਰੇ,
ਤੇਰੇ ਚਰਨਾਂ ਦੀ ਖਾਕ ਨੂੰ ਤਰਦੇ ਨੇ।
ਪ੍ਰੀਤਵਾਨ ਬੈਠਾ ਜੰਡੂ ਖੇਤ ਬੰਨੇ,
ਦਿਲੀ ਪਰੇਮ ਦੀ ਤਾਰ ਹਲਾਈ ਜਾਵੇ।
ਓਧਰ ਵਲ ਪ੍ਰੀਤਮ ਪਰੇਮ ਤਾਰ ਹਬੀ,
ਨਾਲੇ ਨਾਲ ਹੀ ਖ਼ਬਰ ਪੁਚਾਈ ਜਾਵੇ।
ਸ੍ਰੀ ਸਤਿਗੁਰੂ ਜੀ ਓਸ ਵਕਤ ਕਹਿੰਦੇ,
ਊਗੂ ਚੱਕ ਬੈਠੇ ਵਿਚ ਦੀਵਾਨ ਹੈਸਨ।
ਮੀਹਾਂ ਸਿੰਘ ਦੇ ਪਰੇਮ ਨੇ ਖਿਚ ਲਾਈ,
ਛੇਤੀ ਉਠ ਕੇ ਹੋਏ ਰਵਾਨ ਹੈਸਨ।
ਖਲੇ ਸਤਿਗੁਰੂ ਨ ਰਹੇ ਕਰ ਅਰਜਾਂ,
ਭਲੇ ਭਲੇ ਸਾਧੂ ਆਂਨ ਆਂਨ ਹੈਸਨ।
ਧੀਰਜ ਦੇਣ ਦੇ ਵਾਸਤੇ ਸਾਧੂਆਂ ਨੂੰ,
ਮਧੁਰ ਬਚਨ ਬੋਲੇ ਮਿਹਰਬਾਨ ਹੈਸਨ।



Sri Satguru Jagjit Singh Ji Elibrary NamdhariElibrary@gmail.com

ਮੀਹਾਂ ਸਿੰਘ ਸਾਧੂ ਬੈਠਾ ਖੇਤ ਬੰਨੇ,
ਹੰਝੂ ਮੋਤੀਆਂ ਦੇ ਵਾਂਗੂ ਬਰਸਦੇ ਨੇ।
ਕੈਂਦਾ ਆ ਛੇਤੀ ਮਿਲ ਨੈਣ ਮੇਰੇ,
ਤੇਰੇ ਚਰਨਾਂ ਦੀ ਖਾਕ ਨੂੰ ਤਰਸਦੇ ਨੇ।

ਕੀਤੀ ਅਰਜ ਸਾਧਾਂ ਫਿਰ ਪ੍ਰੀਤਮਾਂ ਵੇ,
ਤੇਰੀ ਲਖੀ ਨ ਬੇ ਪ੍ਰਵਾਹੀ ਜਾਵੇ।
ਸੰਗਤ ਏਤਨੀ ਦੇ ਵਿਚੋਂ ਇਕ ਸਾਧੂ,
ਵੱਲ ਆਪਣੇ ਖਿੱਚ ਲਜਾਈ ਜਾਵੇ।

ਕਿਹਾ ਸਤਿਗੁਰਾਂ ਨੇ ਮੈਨੂੰ ਆਪਦਾ ਇਹ,
ਇਸ ਵਕਤ ਨ ਭਲਾ ਅਜਕਾਵਨਾਂ ਏਂ।
ਬਹੁਤ ਚਿਰਾਂ ਦਾ ਰੋਂਵਦਾ ਘੱਤ ਊਂਦੀ,
ਉਹਨੂੰ ਜਾਇਕੇ ਚੁਪ ਕਰਾਵਨਾਂ ਏਂ।

ਘੋੜਾ ਹੋਰ ਆਂਦਾ ਸੰਗਤ ਸਤਿਗੁਰਾਂ ਨੇ,
ਕਿਹਾ ਚੀਨੀ ਨੂੰ ਅਸਾਂ ਲਜਾਵਨਾਂ ਏਂ।
ਚੀਨੀ ਟੋਰ ਆ ਦੇਹੁ ਦੀਦਾਰ ਮੈਨੂੰ,
ਮੀਹਾਂ ਸਿੰਘ ਦੇ ਚਿਤ ਦੀ ਚਾਹਵਨਾਂ ਏਂ।

ਚੀਨੀ ਆਈ ਛੇਤੀ ਅਸਵਾਰ ਹੋ ਕੇ,
ਛੋੜੀ ਵਾਂਗ ਓਧਰ ਵਾਲੀ ਅਰਸ਼ਦੇ ਨੇ।
ਜਿਥੇ ਮੰਗਦਾ ਸੀ ਆਸੀ ਨੈਣ ਮੇਰੇ,
ਤੇਰੇ ਚਰਨਾਂ ਦੀ ਖਾਕ ਨੂੰ ਤਰਸਦੇ ਨੇ।

ਸੰਗਤ ਮੁੜੀ ਦੌੜੇ ਸੰਗ ਬਲੀ ਕਹਿਕੇ,
ਕਸਰਤ ਨਿਤ ਦੀ ਅਜ ਅਜਮਾਈ ਜਾਵੇ।



Sri Satguru Jagjit Singh Ji Elibrary NamdhariElibrary@gmail.com

ਧਰੀ ਸਤਿਗੁਰਾਂ ਨੇ ਭੁਜਾ ਧੌਣ ਉਤੇ,
ਚੀਨੀ ਧੌਣ ਨੂੰ ਪਰੇ ਹਟਾਈ ਜਾਵੇ।
ਲਗਾ ਜਾਮ ਦੁਹਾਰ ਨ ਕੋਸ ਚੌਦਾਂ,
ਚੀਨੀ ਪਲਕ ਦੇ ਵਿਚ ਮੁਕਾਇਕੇ ਤੇ।
ਅਜਕੀ ਕਿਤੇ ਨ ਜਿਥੇ ਉਡੀਕ ਆਸੀ,
ਓਸੀ ਖਤੇ ਬੰਨੇ ਹਿਣਕੀ ਜਾਇਕੇ ਤੇ।
ਉਹਨੂੰ ਵਾਟ ਇਹ ਕੀ ਸੀ ਮਕਿਉਂ ਜੋ,
ਮਿਲਦਾ ਪਲਕਵਿਚ ਭੈਣਨੂੰ ਆਇਕੇ ਤੇ।
ਆਏ ਜਿਦੀ ਖਾਤ੍ ਓਹਨੂੰ ਖਬਰ ਕੋਈ ਨ,
ਰੋਈ ਜਾਂਵਦਾ ਸੀ ਉੂੰਦੀ ਪਾਇਕੇ ਤੇ।
ਛੇਤੀ ਉਤਰ ਕੇ ਚੀਨੀਓਂ ਪਕੜ ਬਾਹੋਂ,
ਕਿਹਾ ਉਠ ਦਰਦੀ ਭਾਰਤ ਵਰਸ਼ ਦੇ ਨੇ।
ਆਹ ਵੇਖ ਆਈ ਚੀਨੀ ਨੈਣ ਤੇਰੇ,
ਜਿਦੇ ਚਰਨਾਂ ਦੀ ਖਾਕ ਨੂੰ ਤਰਸ ਦੇ ਨੇ।
ਉਤਾਂ ਚੁਕ ਹਉਕਾ ਭਰ ਲਾਏ ਛਾਤੀ,
ਕਿਹਾ ਸਤਿਗੁਰਾਂ ਨੇ ਮੀਹਾਂ ਸਿੰਘ ਭਾਈ।
ਤੇਰੇ ਰੁਦਣ ਆਂਦਾ ਉਵੇਂ ਜਗਨ ਨਾਥੋਂ,
ਕਰਮਾਂ ਬਾਈ ਨੇ ਜਿਵੇਂ ਸੀ ਕੂਾਲ ਪਾਈ।
ਮੇਰੇ ਵੱਸ ਹੋਵੇ ਰਵਾਂ ਕੋਲ ਤੇਰੇ,
ਤਾਰ ਹਥ ਕਰਤਾਰ ਹੈ ਸਾਰਿਆਂ ਦੀ।
ਹੁੰਦਾ ਪਲਕ ਨਾਹੀ ਕਿਤੇ ਵੇਹਲ ਮੇਰਾ,
ਪਈ ਰਵੇ ਵੰਗਾਰ ਪਿਆਰਿਆਂ ਦੀ।
ਚਰਨ ਚੁੰਮ ਪ੍ਰੇਮੀ ਗਲੇ ਲਗ ਰੋ ਰੋ,



Sri Satguru Jagjit Singh Ji Elibrary NamdhariElibrary@gmail.com

ਆਖੇ ਸਭ ਤਾਲਬ ਤੇਰੇ ਦਰਸ ਦੇ ਨੇ।
ਤੀਨੋਂ ਲੋਕ ਆਸ਼ਕ ਚੀਨੀ ਵਾਲਿਆ ਵੇ,
ਤੇਰੇ ਚਰਨਾਂ ਦੀ ਖਾਕ ਨੂੰ ਤਰਸ ਦੇ ਨੇ।

ਸਿਆਲ ਕੋਟ ਦੇ ਜ਼ਿਲੇ ਵਿਚ ਜੰਡੂ ਉਗੂ ਚੱਕ।
ਸਾਖੀ ਸਚੀ ਤਰਨ ਸਿੰਘ ਲਿਖੀ ਹੈ ਕਰਕੇ ਪੱਕ।

## ਚੀਨੀ ਅਸਵਾਰ ਨੇ

ਮਾਨਾਂ ਵਾਲਾ ਕਾਲਰ ਮੈਂ ਜ਼ਿਲਾ ਜਿਹ ਸਿਆਲ ਕੋਟ,
ਕਰਿਆ ਤਿਹ ਹੋਲਾ ਹੀਰਾ ਸਿੰਘ ਸਰਦਾਰ ਨੇ
ਸੰਗਤਿ ਬਿਅੰਤ ਸੁਣ ਚਲ ਆਈ ਸਭ ਵਲੋਂ,
ਰੌਣਕ ਵਧਾਈ ਮਾਝੇ ਮਾਲਵੇ ਔਬਾਰ ਨੇ
ਗੁਣੀ ਗਿਆਨੀ ਰਿਖੀ ਮੁਨੀ ਦਾਨੇ ਮਸਤਾਨੇ ਜਨ,
ਮਿਲ ਘਨਘੋਰ ਲਾਈ ਸਭੀ ਨਰ ਨਾਰ ਨੇ
ਹੀਰਾ ਸਿੰਘ ਸਭ ਵਥੂ ਸੌਂਪ ਅਲਾ ਵਾਲਿਆਂ ਨੂੰ,
ਪਾਇਆ ਗਲ ਪਲਾ ਇਹੋ ਤਿਲ ਫੁਲ ਚਾਰ ਨੇ
ਮਾਨਾਂ ਵਾਲੇ ਮਾਨ ਸਰ ਹੰਸਾਂ ਦੀ ਗਹਿਮਾਂ ਗਹਿਮ,
ਬੰਨ੍ਹੀਆਂ ਕਤਾਰਾਂ ਰਾਹੀਂ ਮਾਹੀ ਇੰਤਜ਼ਾਰ ਨੇ
ਕੀਤੇ ਇਕਰਾਰ ਕਰ ਆਸੀਆਂ ਦੇ ਇੰਤਜਾਰ,



Sri Satguru Jagjit Singh Ji Elibrary NamdhariElibrary@gmail.com

ਪਾਵਨ ਚਰਨ ਪਾਏ ਚੀਨੀ ਅਸਵਾਰ ਨੇ।
ਚਾਰ ਰੋਜ ਰਾਗ ਰੰਗ ਸਤਿਸੰਗ ਗੰਗ ਬਹੀ,
ਕਾਰ ਦਿਖਲਾਈ ਕਹੀ ਮਹੱਲੇ ਦੇ ਦਿਹਾਰ ਨੇ।
ਬਾਬੇ ਗਿਆਨੀ ਸਿੰਘ ਜੀ ਦੇ ਅਸਵ ਦੀ ਫੇਟ ਨਾਲ,
ਲੇਟਿਆ ਮਾਸੂਮ ਇਕ ਸਵਾਸ ਗਏ ਪਧਾਰ ਨੇ।
ਹਾ ਹਾ ਸੁਣ ਸਾਰੇ ਸਿੰਘ ਹਠ ਹਾਰ ਖਲੇ ਅਤੇ,
ਹਉਕਾ ਭਰ ਹਥ ਮਲੇ ਸਾਰੇ ਪ੍ਰਵਾਰ ਨੇ।
ਹਾਏ ਰਬਾ ਇਕ ਸਾਰੇ ਰੰਗ ਵਿਚ ਭੰਗ ਪਈ,
ਦੂਜਾ ਦੁਖ ਦੇਵਨਾਂ ਹੈ ਗੋਰੀ ਸਰਕਾਰ ਨੇ।
ਬੋਲਿਆ ਮਸਤ ਇਕ ਤਿਲ ਨ ਵਨਾਹ ਹੋਵੇ,
ਬੇੜੇ ਦੇ ਮਲਾਹ ਜਾਂ ਸੁਚੇਤ ਹੁਸ਼ਿਆਰ ਨੇ।
ਰੰਗ ਮੈਂ ਨ ਭੰਗ ਪਵੇ ਆਖਨਾਂ ਕੀ ਰਾਜ ਉਹਨੂੰ,
ਰੱਖਣੀ ਹੈ ਲਾਜ ਜਿਦੀ ਚੀਨੀ ਅਸਵਾਰ ਨੇ।
ਵਾਹੋਦਾਹੀ ਦੁਕੀ ਸਾਹੀਨੱਸ ਇਕਸਿੰਘ ਗਿਆ,(ਕਹਿੰਦਾ)
ਦਸੋ ਕੋਈ ਕਿਥੇ ਮੇਰੇ ਗੁਰੂ ਰਖਵਾਰ ਨੇ।
ਰਸਤੀ ਹਮਾਰੀ ਵਿਚੋਂ, ਔਂਦਾ ਦੁਖੀ ਦਾਸ ਦੇਖ,
ਉਤਰੇ ਸ਼ਤਾਬੀ ਤਲੇ ਦੀਨਾਂ ਪੈ ਦਇਆਰ ਨੇ।
ਪੁਛੇ ਬਿਨਾਂ ਉਸੀ ਖਿਨ ਬਾਹੋਂ ਫੜ ਹੁਸੜੇ ਨੂੰ,
ਆਏ ਜਿਥੇ ਬਾਲ ਪਿਆ ਜਮਾਂ ਬੇਸ਼ੁਮਾਰ ਨੇ।
ਚਰਨ ਛੁਹਾਏ ਮੁਖੋਂ ਆਖਦੇ ਇਹ ਜੀਂਵਦਾ ਏ,
ਉਠ ਬੈਠਾ ਬਾਲ ਮਾਈ ਕਰੇ ਸਿਰਵਾਰਨੇ।
ਪ੍ਰੀਤਮ ਦਾ ਚੋਜ ਵੇਖ ਪ੍ਰੇਮੀਆਂ ਭੁੰਬਰ ਪਾਇਆ,
ਅੰਬਰ ਗੂੰਜਾਯਾ ਧੁਨ ਸਬਦ ਜੈਕਾਰ ਨੇ।



Sri Satguru Jagjit Singh Ji Elibrary NamdhariElibrary@gmail.com

ਹੀਰਾ ਸਿੰਘ ਨੱਚਿਆ ਹੋ ਰੰਗ ਵਿਚ ਕਹਿਣ ਲਗਾ,
ਰਖਿਆ ਏ ਲੰਗ ਮੇਰਾ ਚੀਨੀ ਅਸਵਾਰ ਨੇ
ਇਸੀ ਸ੍ਰਦਾਰ ਹੀਰਾ ਸਿੰਘ ਜੀ ਦੇ ਦਾਦਾ ਜੀ ਨੂੰ,
ਸ੍ਰੀ ਦਸਮੇਸ਼ ਪੋਥੀ ਦਿਤੀ ਸੀ ਸੰਭਾਰ ਨੇ
ਦੇਣ ਸਮੇਂ ਸਾਬ ਇਹੀ ਪਕੀ ਕਰੀ ਬਾਰ ਬਾਰ,
ਮੰਗਾਂਗਾ ਤਾਂ ਦੇਵੀਂ ਮੰਨੀਂ ਇਹੋ ਦੇਣ ਹਾਰ ਨੇ
ਹੀਰਾ ਸਿੰਘ ਰਿਦੇ ਸੀ ਇਹ ਆਪੇ ਮੈਥੋਂ ਮੰਗ ਲੈਣ,
ਜੇ ਇਹ ਜਾਹਰਾ ਆਪ ਉਹੀ ਦਸਵੇਂ ਉਤਾਰ ਨੇ
ਹੱਸ ਕੇ ਸੁਭਾਵਕ ਹੀ ਕਿਹਾ ਗੁਰਾਂ ਹੀਰਾ ਸਿੰਘਾ,
ਲਿਆਉ ਭਾਈ ਚੀਜ ਸਾਡੀ ਪੁਜੇ ਇਕਰਾਰ ਨੇ
ਭਜਕੇ ਸੰਦੂਕ ਵਿਚੋਂ ਕੱਢਕੇ ਲਿਆਏ ਦਿਤੀ,
ਪੋਥੀ ਸ੍ਰਦਾਰ ਹੀਰਾ ਸਿੰਘ ਸਚਿਆਰ ਨੇ
ਮਸਤ ਹੋ ਉਚੀ ਉਚੀ ਆਖਦਾ ਨਾਂ ਭੁਲੇ ਰਿਹੋ,
ਸ੍ਰੀ ਦਸਮੇਸ਼ ਇਹੋ ਚੀਨੀ ਅਸਵਾਰ ਨੇ

ਉਹ ਪੋਥੀ ਸੌ ਸਾਖੀ ਸੀ,
ਰੁਲ ਗਈ ਲੁਟਾਂ ਵਿਚ ਆਖੀ ਦੀ ।
(ਵਹਿਮੀ) ਪਰ ਗੁਰੂ ਜੀ ਸਾਬ ਬਦੇਸ ਗਈ,
ਸਾਹਿਬਾਂ ਦੇ ਦਸਣ ਸੰਦੇਸ਼ ਕਈ ।



Sri Satguru Jagjit Singh Ji Elibrary NamdhariElibrary@gmail.com

## ਚੌਂਕੜੀ ਮਾਰ ਉਤੇ

ਸੰਮਤ ਓਨੀ ਸੌ ਠਾਰਵੇਂ ਸਾਲ ਅੰਦਰ,
ਗੁਰਾਂ ਚਰਨ ਪਾਏ ਹਰਿਦੁਆਰ ਉਤੇ।
ਸੰਗਤ ਸਾਥ ਅਪਾਰ ਸ਼ਮਾਰ ਆਹੀ,
ਵਾਂਗੂੰ ਭੌਰਿਆਂ ਮੋਹਤ ਦੀਦਾਰ ਉਤੇ।
ਭੀਮ ਗੋਡਿਉਂ ਮੀਲ ਕੁ ਉਤਾਂਹ ਕਰਕੇ,
ਡੇਰੇ ਸੰਗਤਾਂ ਲਾਏ ਕਨਾਰ ਉਤੇ।
ਅੰਬਰ ਗੂੰਜਿਆ ਤੇ ਲੰਗਰ ਸ਼ੁਰੂ ਹੋਇਆ,
ਇੰਦਰ ਤੁਠਿਆ ਜਿਵੇਂ ਸੰਸਾਰ ਉਤੇ।
ਅਚਨ ਗੁਰਾਂ ਕੀ ਰਚਿਆ ਚੋਜ ਵੇਖੋ,
ਜੋੜ ਲਕੜਾਂ ਜਿਮੀ ਹਮਵਾਰ ਉਤੇ।
ਸਾਹਿਬੋ ਭਗਤਨੀ ਪਧਰੀ ਨਗਰ ਦੀ ਨੂੰ,
ਕੀਤੇ ਬਚਨ ਨੇ ਚੌਂਕੜੀ ਮਾਰ ਉਤੇ।
ਜੇੜ੍ਹੇ ਅਮਰ ਮਹਿਬੂਬ ਦਾ ਮੰਗਦੇ ਨੇ,
ਵਿਕੇ ਹੋਏ ਜੋ ਹੁਕਮ ਦੀ ਕਾਰ ਉਤੇ।
ਮੂਲ ਉਜਰ ਨਾਹੀ ਜੇਹੀ ਪਟ ਸੇਜਾ,
ਤੇਹਾ ਬੈਠਨਾਂ ਤਿਨਾਂ ਨੂੰ *ਦਾਰ ਉਤੇ।
ਢਾਈ ਸਾਲ ਦਾ ਸਹਿਕਵਾਂ ਲਾਲ ਸੋਹਣਾਂ,
ਨੂਰ ਬਰਸ ਦਾ ਜਿਦੇ ਖੁਮਾਰ ਉਤੇ।
ਬਣ ਢੁੰਘਦਾ ਖੇਡ ਦਾ ਲੈ ਗੋਦੀ,
ਸਾਹਬੋ ਬੈਠ ਗਈ ਖੁਸ਼ਕ ਅੰਬਾਰ ਉਤੇ।

---

*ਸੂਲੀ।



Sri Satguru Jagjit Singh Ji Elibrary NamdhariElibrary@gmail.com

ਸਾਹਿਬ ਡਾਰ ਕੰਬਲ ਉਤੇ ਫੂਸ ਪਾਕੇ,
ਬੋਲੇ ਸੁਟ ਬਲਦਾ ਅੰਗਿਆਰ ਉਤੇ
ਮੇਰਾ ਪਰੇਮ ਜੇਕਰ ਵੇਖ ਅਗ ਬਲਦੀ,
ਇੰਜ ਬਹੀ ਦੇ ਚੌਂਕੜੀ ਮਾਰ ਉਤੇ
ਰਹੀ ਭਗਤਨੀ ਬੈਠ ਹੀ ਭਜਨ ਕਰਦੀ,
ਭਾਂਬੜ ਮਚ ਗਏ ਬੇ ਸ਼ੁਮਾਰ ਉਤੇ
ਦਿਲੋਂ ਹਿਸ ਨ ਹਾਰਦੇ ਡੋਲਦੇ ਨੇ,
ਬਾਜ਼ੀ ਜਿਨਾਂ ਦੀ ਆਸਰੇ ਯਾਰ ਉਤੇ
ਸ਼ਾਹ ਸਾਂਤ ਹੋਈ ਲਾਹ ਝਾੜ ਛੋਡੀ,
ਹਥ ਫੇਰ ਕੇ ਦੀਨ ਦਿਆਰ ਉਤੇ
ਖਿਚ ਕੰਬਲ ਨੂੰ ਆਖਦੇ ਉਠ ਸਾਹਬੋ,
ਰਿਹਾ ਤਿਲ ਨਾਹੀ ਤੇਰੇ ਭਾਰ ਉਤੇ
ਚਾਈਂ ਉਠ ਸਾਹਬੋ ਚਰਨ ਚੁੰਮ ਬੋਲੀ,
ਬਜੇ ਸਿਦਕ ਜੇ ਤੇਰੇ ਪਿਆਰ ਉਤੇ
ਕੋਈ ਕਠਨ ਨਾਹੀਂ ਵੇਖ ਅੱਗ ਬਲਦੀ,
ਇੰਜ ਬੈਠਨਾਂ ਚੌਂਕੜੀ ਮਾਰ ਉਤੇ

ਅੰਮ੍ਰਿਤਸਰ ਮਾਈ ਜ਼ਿਲਾ ਲਾਲ ਸਿੰਘ ਫਰਜੰਦ।
ਵੰਹਿਮੀ ਹਿੰਦੂ ਚੱਕ ਦੇ ਲਿਖੇ ਹੈਣ ਇਹ ਬੰਦ।



Sri Satguru Jagjit Singh Ji Elibrary NamdhariElibrary@gmail.com

# ਓਗ੍ਰ ਚੱਕ ਤੋਂ ਗੁਰੂ ਚੱਕ

(ਦੋਹਰਾ) ਸਿਆਲ ਕੋਟ ਕੇ ਜਿਲੇ ਮੈਂ ਓਗ੍ਰ ਚੱਕ ਗ੍ਰਾਮ।
ਬਿਕਰਮ ੧੯ਸੈ ਬਾਈਸ ਚਰਨ ਪਾਏ ਗੁਰ ਰਾਮ।
ਤਹਾਂ ਜਨ ਸੇਵਕ ਗੁਰੂ ਕੇ ਕਰਤ ਭਏ ਅਰਦਾਸ।
ਹਮ ਦਾਸਨ ਪਰ ਦਇਆ ਕਰ ਕਾਜ ਕਰੋ ਗੁਰ ਰਾਸ।

ਹਥ ਜੋੜ ਕੇ ਸਾਰਿਆਂ ਅਰਜ ਕੀਤੀ,
ਜਿਮੀ ਖੋਹ ਲਈਏ ਇਕ ਬੂਰ ਸਾਡੀ।
ਜਿਮੀ ਬਿਨਾਂ ਕਰਸਾਨ ਦੇ ਕੀ ਪਲੇ,
ਚਲੇ ਕਿਵੇਂ ਗੁਜਰਾਨ ਹਜੂਰ ਸਾਡੀ।
ਦੂਜਾ ਹੋਂਵਦਾ ਨਹੀਂ ਸਰਬੰਸ ਵਾਧਾ,
ਰੌਜ ਪਈ ਸੌਂਦੀ ਦੂਰ ਦੂਰ ਸਾਡੀ।
ਘਟੇ ਬੂਰ ਭੀ ਹੋਵੇ ਸਰਬੰਸ ਵਾਧਾ,
ਸਾਹਿਬੋ ਕਰੋ ਇਹ ਅਰਜ ਮਨਜੂਰ ਸਾਡੀ।

ਵੇਖ ਆਜਜੀ ਅਰਜ ਮਨਜੂਰ ਕੀਤੀ,
ਮਿਹਰਬਾਨ ਬੋਲੇ ਮਿਹਰਬਾਨ ਹੋ ਕੇ।
ਕਲਰ ਕੱਜ ਘਤੂ ਭੁਏਂ ਭਾਗ ਲਗੇ,
ਪਲੇ ਪਾਸ ਭੀ ਰਹੂ ਗਜਰਾਨ ਹੋ ਕੇ।
ਵਾਦਾ ਕਰੇਗਾ ਗੁਰੂ ਸਰਬੰਸ ਦਾ ਭੀ,
ਉਦਮ ਇਤਨਾਂ ਕਰੋ ਜ਼ਰੂਰ ਭਾਈ।
ਏਸ ਗਾਮ ਥੀਂ ਕਢ ਕੇ ਗਾਮ ਪਾਉ,
ਤਰਫ ਧਰੂ ਦਾਵੇਂ ਕੁਝ ਦੂਰ ਭਾਈ।
ਸੋਚ ਸਿੰਘ ਜਿਥੇ ਗੁਰਾਂ ਜਗਾ ਦਸੀ,



Sri Satguru Jagjit Singh Ji Elibrary NamdhariElibrary@gmail.com

ਉਥੇ ਸਰਪ ਹਨ ਬਹੁਤ ਕਰੂਰ ਭਾਈ।
ਕਰਨ ਅਰਜ ਆਏ ਜਗਾ ਹੋਰ ਕੋਈ,
ਮਿਹਰਬਾਨ ਜੇ ਕਰਨ ਮਨਜ਼ੂਰ ਭਾਈ।
ਦਾਸ ਅਰਜ ਖਾਤ੍ਰ ਆਏ ਦੇਖ ਬੋਲੇ,
ਮਾਲਕ ਦਿਲਾਂ ਦੇ ਦਿਲਾਂ ਦੀ ਜਾਣ ਕੇ ਤੇ।
ਕਰੇ ਭਲੀ ਕਰਤਾਰ ਪ੍ਰਤੀਤ ਰਖੋ,
ਕਾਰ ਹੁਕਮ ਦੀ ਕਰੋ ਧਿਆਨ ਦੇ ਕੇ।
ਜਿੰਨ੍ਹਾ ਜ਼ੈਹਰੀਆਂ ਥੀਂ ਤੁਸੀਂ ਝਕਦੇ ਹੋ,
ਜੀਹੜੇ ਛੋਹਦਿਆਂ ਜਾਨ ਗਵਾਨ ਭਾਈ।
ਕਹਿਨ ਮੂਲ ਉਹ ਤੁਸਾਂ ਨੂੰ ਕਛੂ ਨਾਹੀਂ,
ਵਾਂਗੂ ਮਛੀਆਂ ਦੇ ਹੋਇ ਜਾਨ ਭਾਈ।
ਮੰਦਾ ਮਨੋਂ ਜੇ ਕਿਸੇ ਦਾ ਚਿਤਵੀਏ ਨ,
ਹੁੰਦਾ ਆਪਣਾ ਨਹੀਂ ਨੁਕਸਾਨ ਭਾਈ।
ਮੌਤ ਜ਼ਿੰਦਗੀ ਹੁਕਮ ਦੇ ਵਿਚ ਜਾਣੋਂ,
ਸਾਥ ਸਤਿਗੁਰ ਸਰਬ ਅਸਥਾਨ ਭਾਈ।
ਭਾਲ ਠੌਰ ਰਖੀ ਤੁਰਤ ਨੀਵ ਉਹਨਾਂ,
ਜਿਸ ਤਰਫ ਸਤਿਗੁਰਾਂ ਫਰਮਾਨ ਕੀਤਾ।
ਜਿਥੇ ਬੈਠ ਜਾ ਭਜਨ ਸੀ ਸਾਹਿਬ ਕਰਦੇ,
ਲਾਏ ਖੂਹੀ ਤਹਾਂ ਲੰਗਰ ਮਹਾਨ ਕੀਤਾ।
ਨਗਰ ਵਾਸੀਆਂ ਨੇ ਆਈਆਂ ਸੰਗਤਾਂ ਨੂੰ,
ਕੀਤਾ ਗੁਰਾਂ ਦਾ ਬਚਨ ਸੁਣਾਏ ਦਿਤਾ।
ਸੰਤ ਸਾਧੂਆਂ ਨੇ ਮਤਾ ਮੇਲ ਕੇ ਤੇ,
ਨਾਮ ਗੁਰੂ ਦਾ ਚੱਕ ਰਖਾਏ ਦਿਤਾ।



Sri Satguru Jagjit Singh Ji Elibrary NamdhariElibrary@gmail.com

ਸਮਾਂ ਪਾਏ ਕੇ ਆਏ ਦਿਉਕਾ* ਨੇ,
ਕਲਰ ਪਾਏ ਕੇ ਮੈਲ ਦਬਾਏ ਦਿਤਾ।
ਦੂਹਾਂ ਨਗਰਾਂ ਮੈ ਰੌਣਕ ਆਮ ਹੋਈ,
ਗੁਰੂ ਸਾਹਿਬ ਸਰਬੰਸ ਵਧਾਏ ਦਿਤਾ।
ਫਸਲ ਆਮ ਹੋਵੇ ਭੁਏਂ ਭਾਗ ਲਗਾ,
ਅਜ ਤੀਕ ਨਹੀਂ ਕਿਸੇਨੂੰ ਸੱਪ ਲੜਿਆ।
ਸਕਤ ਖੂਹੀ ਮੈਂ ਜਦੋਂਕੋਈ ਪ੍ਰਿਆ ਕਾਰਜ
ਪਲਕ ਵਿਚਹੀ ਵੇਂਦਿਆਂ ਨੀਰ ਚੜਿਆ।
ਵਹਿਮੀ ਦਾਸ ਲਿਖੀ ਇਹ ਸਾਖੀ।
†ਨਗਰ ਜਨਾਂ ਜਿਨ ਸਤਿ ਸਤਿ ਭਾਖੀ।

---

†ਸੰਤ ਰੀੜਾ ਸਿੰਘ ਜੀ ਤੇ ਮੋਲਾ ਸਿੰਘ ਤੇ ਬੁਢਾ ਸਿੰਘ ਜੀ ਤੇ ਸੰਤ ਆਲਾ ਸਿੰਘ ਜੀ ਏਸ ਨਗਰ ਦੇ ਮੁਖੀ ਸੀ। ਹੁਣ ਉਹਨਾਂ ਦੀ ਅੰਸ ਹਿਸਾਰ ਦੇ ਜ਼ਿਲੇ ਵਿਚ ਹਾਰਨੀ ਜੀਵਨ ਨਗਰ ਨੇੜੇ ਹੈ ਤੇ ਬਰਨਾਲੇ ਥੇਹ ਜ਼ਿਲੇ ਹੁਸ਼ਿਆਰਪੁਰ ਵਿਚ ਏ। ਮੇਰੇ ਉਥੇ ਨਾਨਕੇ ਸੀ। ਤਰਨ ਸਿੰਘ।

*(ਦਿਉਕਾ) ਡੇਕ 'ਨਾਲੀ' ਜੋ ਹੜਦੀਮਲ ਪਾ ਕਲਰ ਗਾਲ ਦੇਂਦੀ ਹੈ।



Sri Satguru Jagjit Singh Ji Elibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਜੀ ਤੇ ਗੁਰਦਿਤਾ

ਨਾਮ ਗੁਰਦਿਤਾ ਕੁਲ ਬਾਢੀ ਕਰੇ ਗਾਢੀ ਕਾਮ,
ਕਹਿਓ ਉਨ ਜਾਨੋਂ ਗੁਰ ਪੂਰਾ ਆਮ ਜੱਸ ਜਾਸ।
ਲੇਵੇ ਬਿਨ ਦੇਵੇ ਆ ਸਬਦ ਭੀ ਵਜਦ ਕਰੇ,
ਤਦਪ ਅਜਬ ਬਾਤ ਮਾਨੋਂ ਆਂਖ ਦੇਖ ਖਾਸ।
ਜਾਨੀ ਜਾਣ ਮਿਹਰਬਾਨ ਖਾੜੀ ਚਾਰ ਕਰਨ ਹਾਰ,
ਜੈਸੀ ਭੂਪ ਤੈਸੀ ਕੇ ਪੂਰਕ ਸਭ ਘਟ ਵਾਸ।
ਉਨੀ ਸੌ ਪਚੀਸ ਮਾਘ ਮਾਸ ਅਰਧ ਖਾਸ ਏਥੇ,
ਗੁਰੂ ਰਾਮ ਸਿੰਘ ਆਏ ਦਾਸ ਗੁਰਦਿਤੇ ਪਾਸ।
ਦੇਖਤ ਹਜ਼ੂਰ ਕੋ ਹਜ਼ੂਰ ਸੋ ਸਰੂਰ ਭਇਉ,
ਕਹਿਉ ਉਨ ਜੋ ਜਰੂਰ ਦੇਖ ਕਰੋ ਮਨਜ਼ੂਰ।
'ਵਹਿਮੀ' ਮਦ ਮਾਸ ਭਾਰੀ ਯਾਰੀ ਕੇ ਹਬੂਬ ਛੋਰ,
ਖੂਬ ਮਹਿਬੂਬ ਮਿਲ ਰਹਿਉ ਦਾਸ ਮਖਮੂਰ।

ਔਰ ਆਵਨ ਸਤਿਗੁਰੂ ਕੀ ਯਾਦ ਈਹਾਂ ਬਤਆਹਿ।
ਉਗੈ ਪਪੋਲੀ ਮੂਲ ਨਹਿ ਇਸ ਖੂਹ ਕੀ ਜੂਹ ਮਾਹਿ।

ਨਗਰ ਗਲੋਟੀਆ ਡਸਕੇ ਪਾਸ।
ਹਿੰਦੂ ਚੱਕ ਰਹੇ (ਵਹਿਮੀ) ਦਾਸ।
ਧਿਆਨ ਸਿੰਘ ਲਾਹੌਰ ਨਿਵਾਸੀ।
ਦਮਦਮੇ ਸੇਵ ਕਰੀ ਨਿਜ ਰਾਸੀ।



Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਸ਼ਹੀਦੀ ਜੋੜ

## ਵਲੋਂ ਲਖਾ ਸਿੰਘ ਜੀ (ਜੌਹਰ) ਮੁਠੱਡੇ

ਅਨੀ ਚਲੋ ਸਖੀਉ ਜਰਾ ਦੇਖ ਆਈਏ,
ਲਾੜੀ ਮੌਤ ਦੇ ਜਾਂਵੀਆਂ ਚੜ੍ਹਦਿਆਂ ਨੂੰ।
ਮਾਵਾਂ ਤੋਰਦੀਆਂ ਸਗਨ ਦੇ ਬੰਨ੍ਹ ਗਾਨੇ,
ਬੂਹੇ ਗੋਰਾਂ ਉਡੀਕ ਦੀਆਂ ਵੜਦਿਆਂ ਨੂੰ।
ਮਨਸੂਰ ਹੋਰਾਂ ਸੂਲੀ ਚੜ੍ਹਦਿਆਂ ਨੂੰ,
ਚਲੋ ਵੇਖੀਏ ਐਨਲ ਹੱਕ ਪੜ੍ਹਦਿਆਂ ਨੂੰ।
ਨਾਲ ਫਾਂਸੀਆਂ ਹਾਸੀਆਂ ਕਰਦਿਆਂ ਨੂੰ,
ਉਤੇ ਲਾਟਦੇ ਭਮਟਾਂ ਸੜਦਿਆਂ ਨੂੰ।
ਬਧੇ ਸਚੀ ਸਰਕਾਰ ਦੀ ਕਾਰ ਅੰਦਰ,
ਜਥੇ ਬਾਂਕਿਆਂ ਛੈਲ ਸਪਾਹੀਆਂ ਦੇ।
ਅਸੀਂ ਆਉ ਅੜੀਉ ਚਰਨ ਚੁੰਮ ਆਈਏ,
ਏਹਨਾਂ ਪਰੇਮ ਮਾਰਗ ਦਿਆਂ ਰਾਹੀਆਂ ਦੇ।
ਪੈਕੇ ਯਾਰ ਦੀ ਗਲੀ ਸਿਰ ਤਲੀ ਧਰਕੇ,
ਲਗੀ ਪ੍ਰੀਤ ਦੀ ਰੀਤ ਨਿਭੌਣ ਚਲੇ।
ਦੁਨੀਆਂ ਕੰਬਦੀ ਏ ਜਿਸਦਾ ਨਾਮ ਸੁਣ ਸੁਣ,
ਸੋਹਣੇ ਗਲੀਂ ਉਸ ਮੌਤ ਨੂੰ ਲੌਣ ਚਲੇ।
ਦੁਨੀਆਂ ਤਿਆਗ ਕੇ ਸੂਲੀ ਦੀ ਸੇਜ ਉਤੇ,
ਮਿਠੀ ਨੀਂਦ ਸ਼ਹੀਦੀ ਦੀ ਸੌਣ ਚਲੇ।
ਝੂਠਾ ਚੰਮ ਚੰਮਿਆਰਾਂ ਦੇ ਮਾਰ ਮਥੇ,
ਕਾਇਆਂ ਚੋਲੜਾ ਨਵਾਂ ਪਲਟੌਣ ਚਲੇ।



Sri Satguru Jagjit Singh Ji Elibrary NamdhariElibrary@gmail.com

ਏਹਨਾਂ ਬੀਰ ਸ਼ਹੀਦਾਂ ਦੀ ਜੰਞ ਢੁਕੀ,
ਨਾਲ ਵਜਦਿਆਂ ਢੋਲਕੀ ਛੈਣਿਆਂ ਦੇ।
ਮੋਢੀਂ ਧਰੇ ਆਸਣ ਹਥੀਂ ਫੜੇ ਗੜਵੇ,
ਮਾਲਾ ਗਲੀਂ ਸੋਂਹਦੀ ਥਾਂ ਗਹਿਣਿਆਂ ਦੇ।
ਸੋਂਹਦਾ ਨਾਲ ਅਠੱਤਰਾਂ ਸਾਊਆਂ ਦੇ,
ਜੁਟ ਲਾੜਿਆਂ ਅਤੇ ਸਰਬਾਲਿਆਂ ਦਾ।
ਲਾਵਾਂ ਲੈਣ ਲਈ ਸੂਲੀ ਦੀ ਬੇਦ ਗਡੀ,
ਸਵੰਬਰ ਅਜਬ ਰਚਾਇਆ ਧੀ ਵਾਲਿਆਂ ਦਾ।
ਲਾੜੀ ਮੌਤ ਨੇ ਲਹੂ ਦੀ ਲਾਈ ਮਹਿੰਦੀ,
ਵੇਸ ਮਾਤਮੀਂ ਏ ਲੀੜੇ ਕਾਲਿਆਂ ਦਾ।
ਏਧਰ ਬੰਨ੍ਹ ਸੇਹਰੇ ਫੇਰੇ ਲੈਣ ਲਗਾ,
ਜੋੜਾ ਹੋਣ ਹਾਰਾਂ ਬਾਰਾਂ ਸਾਲਿਆਂ ਦਾ।
ਕਫਨ ਸੂਟ ਜ਼ੇਵਰ ਰਸੇ ਫਾਂਸੀਆਂ ਦੇ,
ਦਾਤਾਂ ਮਿਲੀਆਂ ਜਹੇਜ ਵਿਚ ਭਾਰੀਆਂ ਇਹ।
ਗੋਲੇ ਤੋਪ ਦੇ ਖਾਣੇ ਮਹੀਨ ਭੋਜਨ,
ਹੋਈਆਂ ਜੰਞਦੀਆਂ ਖਾਤਰਦਾਰੀਆਂ ਇਹ।
ਘਰੋਂ ਹੋ ਚੁਕੇ ਵਿਦਾ ਜਾਂ ਨਵੇਂ ਸਜਨ,
ਵਰਤੀ ਗਮੀਂ ਉਦਾਸੀਆਂ ਛਾ ਰਹੀਆਂ।
ਸਹੀਆਂ ਦਰਦ ਵੈਰਾਗ ਦੇ ਗੀਤ ਗਾਵਨ,
ਮਾਨੋਂ ਹਸਦਿਆਂ ਤਾਈਂ ਰੁਆ ਰਹੀਆਂ।
ਬੈਠ ਵਿਚ ਬਬਾਨ ਉਹ ਪਾਕ ਰੂਹਾਂ,
ਓੜਕੇ ਪੁਰੀ ਸ਼ਹੀਦਾਂ ਦੀ ਜਾ ਰਹੀਆਂ।
ਫੁਲ ਵਾਰ ਕੇ ਦੇਵਤੇ ਕਰਨ ਸੁਆਗਤ,



Sri Satguru Jagjit Singh Ji Elibrary NamdhariElibrary@gmail.com

ਹੂਰਾਂ ਦੁਆਰ ਖੜੀਆਂ ਗੀਤ ਗਾ ਰਹੀਆਂ।
ਜੰਵਾਂ ਜਗ ਤੇ ਨਿਤ ਕਈ ਚੜ੍ਹਨ ਭਾਵੇਂ,
ਜਾਂਞੀ ਏਸ ਪਰ ਜੰਞ ਦਾ ਬਣੇ ਕੋਈ ਕੋਈ।
'ਜੌਹਰ' ਸੂਰੀਆਂ ਕੁਤੀਆਂ ਸੂਣ ਲਖਾਂ,
ਪੁਤਰ ਬੀਰ ਸ਼ਹੀਦ ਮਾਂ ਜਣੇ ਕੋਈ ਕੋਈ।

## ਸਾਹਵੇਂ ਜਦੋਂ ਖਲਾ ਹੋਇਆ ਚੀਨੀ ਅਸਵਾਰ ਹੋਵੇ

ਗੁਰਬਖਸ਼ ਸਿੰਘ ਜੀ (ਜੱਟ) ਜੀਆ ਬਗਾ ਜਿ: ਲਾਹੌਰ ਵਲੋਂ

ਚੁੰਮਾਂ ਮਥੇ ਲਾਵਾਂ ਰਖਾਂ ਅਖੀਆਂ ਦੇ ਸਾਹਮਣੇ ਮੈਂ,
ਇਹੋ ਜੇਹੀ ਕਿਤੇ ਤਸਵੀਰ ਜੇ ਤਿਆਰ ਹੋਵੇ।
ਇਕ ਪਾਸੇ ਬੀੜੀ ਹੋਈ ਹੋਵੇ ਤੋਪ ਜ਼ਾਲਮਾਂ ਨੇ,
ਦੂਜੇ ਪਾਸੇ ਮੌਤ ਬੈਠੀ ਗੁੰਦ ਦੀ ਪਈ ਹਾਰ ਹੋਵੇ।
ਟੋਪੀ ਵਾਲੇ ਸਾਹਬ ਹੋਣ ਤੋਪ ਨੂੰ ਚਲੌਣ ਵਾਲੇ,
ਸਾਹਮਣੇ ਸ਼ਹੀਦਾਂ ਬਧੀ ਲੰਮੀ ਜਹੀ ਕਤਾਰ ਹੋਵੇ।
ਵਾਰੀ ਵਾਰੀ ਮੌਤ ਰਾਣੀ ਇਕ ਇਕ ਤਾਂਈ ਲੈਕੇ,
ਤੋਪ ਅਗੇ ਕਰ ਸਿਰ ਦੇਂਦੀ ਪਈ ਪਿਆਰ ਹੋਵੇ।
ਤੂੰਬੇ ਤੂੰਬੇ ਲੀਰ ਲੀਰ ਹੋਵੇ ਜਾਂ ਸ੍ਰੀਰ ਉਹਦਾ,



Sri Satguru Jagjit Singh Ji Elibrary NamdhariElibrary@gmail.com

ਛੇਤੀ ਨਾਲ ਭਜ ਅਗੇ ਦੂਸਰਾ ਤਿਆਰ ਹੋਵੇ।
ਖੇਡਨ ਪਏ ਖੇਡ ਇਹ ਸ਼ਹੀਦ ਵਿਚ ਕੋਟਲੇ ਦੇ,
ਦੁਸ਼ਮਨਾਂ ਦੇਦਿਲ ਵਿਚੋਂ ਨਿਕਲਦਾ ਬੁਖਾਰ ਹੋਵੇ।
ਉਮਰ ਛੁਟੇਰੀ ਦਾ ਉਹ ਜੋੜਾ ਏ ਸ਼ਹੀਦ ਬੁਚਾ,
ਉਹਦੇ ਉਤੇ ਕਰਦੀ ਪਈ ਰਹਿਮ ਸਰਕਾਰ ਹੋਵੇ।
ਕਹਿਣ ਪਿਛਾਂ ਹਟਜਾਹ ਨ ਮੌਤ ਅਨਿਆਈਂ ਮਰ,
ਵੇਖ ਵੇਖ ਤੈਨੂੰ ਸਾਡਾ ਦਿਲ ਬੇ-ਕਰਾਰ ਹੋਵੇ।
ਹੱਸ ਹੱਸ ਨਸ ਨਸ ਜਾਵੇ ਪਿਆ ਤੋਪ ਅਗੇ,
ਆਖਗੋਲਾਛੇਤੀ ਮਾਰੇ ਛਾਤੀ ਵਿਚੋਂ ਪਾਰ ਹੋਵੇ।
ਤੋਪ ਤੇ ਬੰਦੂਕ ਤੋਂ ਨ ਡਰ ਪਿਛਾਂ ਹਟੀਦਾ ਏ,
ਚੁਕਿਆ ਜੇ ਸਿਰ ਉਤੇ ਇਸ਼ਕੇ ਦਾ ਭਾਰ ਹੋਵੇ।
ਛੇਤੀ ਕਰੋ ਨਾਲ ਦਿਆਂ ਸਾਥੀਆਂ ਨੂੰ ਭੱਜ ਮਿਲਾਂ,
ਪੈਂਦੀ ਏ ਪਈ ਵਿਥ ਮੈਨੂੰ ਫੋਕਾ ਤਕਰਾਰ ਹੋਵੇ।
ਮਾਰ ਐਸਾ ਗੋਲਾ ਮੈਨੂੰ ਖਿਚ ਕੇ ਨਿਸ਼ਾਨਚੀਆ,
ਉਡ ਜਾਣ ਫਿੰਜੜਾਂ ਤੇ ਟੋਟਾ ਕਈ ਹਜਾਰ ਹੋਵੇ।
ਰਲ ਕੇ ਹਵਾ ਵਿਚ ਰੂਹ ਦ ਨਸ਼ਾ ਮੇਰੀ,
ਭਾਰਤ ਦੇ ਵਾਸੀਆਂ ਨੂੰ ਪੂਰਾ ਪ੍ਰਚਾਰ ਹੋਵੇ।
ਮਾਰ ਮਾਰ ਧਕੇ ਦੇਸੋ ਕਢ ਦੇਵੇ ਗੋਰਿਆਂ ਨੂੰ,
ਮਤ ਸਤਿਗੁਰਾਂ ਦੀ ਲੈ ਸਭ ਹੀ ਬੇਦਾਰ ਹੋਵੇ।
ਉਮਰ ਛੁਟੇਰੀ ਜਾਣ ਦੇਵੇ ਕਿਉ ਦਲੇਰੀ ਭੈੜੀ,
ਤੁਸਾਂ ਜਿਹਾਂ ਪਾਜੀਆਂ ਨੂੰ ਕੀ ਸਾਡੀ ਸਾਰ ਹੋਵੇ।
ਕਿਵੇਂ ਆਖੇ ਲਗ ਕੇ ਤੁਹਾਡੇ ਪਿਛਾਂ ਹਟ ਜਾਵਾਂ,
ਜਟਾ ਜਦੋਂ ਸਾਹਵੇਂ ਖਲਾ ਚੀਨੀ ਅਸਵਾਰ ਹੋਵੇ।



Sri Satguru Jagjit Singh Ji Elibrary NamdhariElibrary@gmail.com

# ਮਾਨਾਂ ਵਾਲੇ ਦੇ ਹੋਲੇ ਵਿਚ ਵਰਤੀ ਵਾਰਤਾ

ਵਲੋਂ ਲਾਲ ਸਿੰਘ 'ਕੰਵਰ' ਪੀਰੋ ਚਕ (ਲਾਇਲਪੁਰ)

ਚਾਨਣੀ ਸੀ ਰਾਤ ਕਿਸੇ ਬਾਤ ਵਿਚ ਰੁਝਾ ਹੈਸਾਂ,
ਕੱਖ ਕੱਖ ਜੋੜਦਾ ਖਿਆਲਾਂ ਵਾਲੀ ਛੰਨ ਦਾ।
ਸੋਚਾਂ ਵਾਲੇ ਵਹਿਣ ਚੋਂ ਬੇਚੈਣ ਹੋਇਆ ਲੰਘਣੇ ਨੂੰ,
ਅਕਲਾਂ ਦਲੀਲਾਂ ਵਾਲੇ ਤੁਲੇ ਹੈਸਾਂ ਬੰਨ੍ਹਦਾ।

ਤਵਾਰੀਖੀ ਗਲਾਂ ਦੇ ਗਲਾਵਿਆਂ ਨੂੰ ਗਲ ਪਾ ਕੇ,
ਹੋਗਿਆ ਬੇਹੋਸ਼ ਪਤਾ ਰਹਿ ਗਿਆ ਨ ਤੰਨਦਾ।
ਆਸਰੇ ਸਹਾਰੇ ਦਿਆਂ ਮੋਤੀਆਂ ਨੂੰ ਕਢਣੇ ਲਈ,
ਵਡਿਆਂ ਦੀ ਯਾਦ ਵਾਲੇ ਸਿਪ ਹੈ ਸਾਂ ਭੰਨਦਾ।
ਮਾਨਾਂ ਵਾਲੇ ਵਾਲਿਆਂ ਦਾਮਾਨ ਵੀ ਤਾਂ ਰਖਿਆ ਸੀ,
ਮੰਨਣਵਾਲੀ ਗੱਲਸੀ ਪਰ ਮਨ ਨਹੀਂ ਸੀ ਮੰਨਦਾ।

ਖਿਚੀ ਝਟ ਫਿਲਮ ਤਸੱਵਰਾਂ ਦੇ ਕੈਮਰੇ ਚੋਂ,
ਹੋਗਿਆ ਉਜਾਲਾ ਮੈਨੂੰ ਚੌਦਵੀਂ ਦੇ ਚੰਨ ਦਾ।
ਕ੍ਰਿਸ਼ਨ ਤੇ ਗੋਪੀਆਂ ਦੀ ਖੁਸ਼ੀ ਨੂੰ ਭੁਲਾਨ ਵਾਲਾ,
ਡਿਠਾ ਇਕ ਹੋਲਾ ਤੇ ਨਜ਼ਾਰਾ ਵੰਨ ਵੰਨ ਦਾ।

ਲਗੀ ਘਨਘੋਰ ਸ਼ੋਰ ਢਲਕਾਂ ਤੇ ਛੈਣਿਆਂ ਦਾ;
ਜਿਥੋਂ ਕਿਥੋਂ ਔਂਦਾ ਸੀ ਅਵਾਜ਼ਾਂ ਧੰਨ ਧੰਨ ਦਾ।
ਘੋੜਿਆਂ ਦੀ ਦੌੜ ਸੌੜ ਘਤੀ ਹੋਈ ਸੀ ਸੰਗਤਾਂ ਨੇ,
ਸਭ ਤੋਂ ਉਹ ਵਡਾ ਸੀ ਦਿਹਾੜਾ ਉਸ ਸੰਨ ਦਾ।
ਭੋਜਨਾਂ ਦੇ ਭੁਖੇ ਸੀ ਅਨੰਦ ਹੋ ਰਹੇ ਰੱਜ ਰੱਜ,



Sri Satguru Jagjit Singh Ji Elibrary NamdhariElibrary@gmail.com

ਲੱਗਾ ਹੋਇਆ ਲੰਗਰ ਸੀ ਅਤੁਟ ਨਾਮ ਅੰਨ ਦਾ।
ਐਪਰ ਅਗੇਰੇ ਜਦੋਂ ਹੋਰ ਕੁਝ ਵਧਿਆਮੈ,
ਪਰਦਾ ਕਿਸੇ ਪਾੜ ਦਿਤਾ ਕੂਕ ਮੇਰੇ ਕੰਨ ਦਾ।
ਭਾਗਾਂ ਵਾਲੇ ਕਿਲੇ ਨੂੰ ਉਡਾਇਆ ਬੰਬ ਵੈਣ ਵਾਲੇ,
ਪਿਆ ਚੰਗਿਆੜਾ ਕਿਸੇ ਧੁਖੇ ਦਿਲ ਖੰਨ ਦਾ।
ਹੈ! ਹੈ! ਮੇਰੇ ਬਚੜੇ ਤੇ ਪੈਗਿਆ ਹੈ ਕਹਿਰ ਲੋਕੋ,
ਦੇਗਿਆ ਵਿਛੋੜਾ ਮੈਨੂੰ ਡਾਢਾ ਬਾਲ ਪੰਨ ਦਾ।
ਕਬਰਾਂ ਦੇ ਮੁਰਦਿਆਂ ਨੂੰ ਮਿਲਦੀ ਰਯਾਤੀ ਜਿਥੋਂ,
ਠਹਿਰਦਾ ਨਹੀਂ ਜਿੰਨ ਜਿਥੇ ਕਾਲ ਵਾਲੇ ਜੰਨ ਦਾ।
ਹੈ! ਹੈ! ਉਥੇ ਲੁਟੀ ਗਈ ਹੈ ਜਾਨ ਮੇਰੇ ਬਚੜੇ ਦੀ,
ਦੌੜੋ ਵੇ ਕੋਈ ਕਰੋ ਚਾਰਾ ਬਾਲਕ ਬਚੰਨ ਦਾ।
ਹਾਥੀ ਉਤੇ ਬੈਠਿਆ ਜਹਾਨ ਨਾਲੋਂ ਉਚਿਆ ਵੇ,
ਮੋੜੀ ਉਤਾਂ ਜਾ ਰਿਹਾ ਪਿਆਰ ਮੇਰੇ ਮੰਨ ਦਾ।
ਸੁਣੇ ਜਦੋਂ ਇਸ ਤਰ੍ਹਾਂ ਦੇ ਵੈਣ ਤਾਂ ਬਚੈਨ ਹੋ ਗਏ,
ਟੁਟ ਗਿਆ ਨ ਕਾਵੀ ਪਰੇਮ ਵਾਲੇ ਬੰਨ ਦਾ।
ਪਿਛੇ ਪਿਛੇ ਦਿਲ ਦੇ ਦੁੜਾਕੇ ਨਿਗਾਹ ਵਹੇ ਆਏ,
ਵੇਖ ਉਤੇ ਅਬਲਾ ਦੇ ਵਾਰ ਹੋਇਆ ਗੰਨ ਦਾ।
ਘੋੜੇ ਹੇਠਾਂ ਆਣਕੇ ਪ੍ਰਾਣ ਦਿਤੇ ਪੁਤ ਉਹਦੇ,
ਲੱਗਾ ਤੀਰ ਓਸਦੇ ਕਲੇਜੇ ਵਿਚ ਸੰਨ ਦਾ।
ਧਾਰਕੇ ਬਨੀਤ ਸੀ ਪੁਲੀਸ ਜ਼ੋਰ ਲਾਂਦੀ ਪਈ,
ਜਾਲ ਖਾਣਾਂ ਚਾਹਦੀ ਸੀ ਕਨੂੰਨ ਵਾਲੇ ਫੰਨ ਦਾ।
ਓਸੇ ਵੇਲੇ ਆਣ ਕੇ ਮਹਾਰਾਜ ਕਿਹਾ ਪਿਛਾਂ ਹਟੋ,
ਲਾਹੀਏ ਡਰ ਤੁਸਾਂ ਤੋਂ ਪੁਲੀਸ ਵਾਲੇ ਡੰਨ ਦਾ।



Sri Satguru Jagjit Singh Ji Elibrary NamdhariElibrary@gmail.com

ਦਿਲ ਹਥ ਤਾਰ ਘਲ ਦਿਤੀ ਜਮਦੂਤ ਵਲੇ,
ਹੋਇਆ ਸਚਖੰਡ ਵੀ ਅਵਾਜ਼ਾ ਟੰਨ ਟੰਨ ਦਾ।
ਉਸੇ ਵੇਲੇ ਜਾਨ ਆਨ ਪਹੁੰਚੀ ਉਸ ਮੁੰਡੜੇ ਦੀ,
ਉਠ ਬੈਠਾ ਝੱਟਪੱਟ ਆਕੜਾਂ ਨੂੰ ਭੰਨ ਦਾ।
ਛੁਟ ਪਏ ਜੈਕਾਰੇ ਸਾਰੇ ਖਾਲਸੇ ਨੇ ਖੁਸ਼ੀ ਕੀਤੀ,
ਟੁਟਾ ਪਰ ਲੱਕ ਸੀ ਪੁਲੀਸ ਪ੍ਰਸੰਨ ਦਾ।
ਕੌਤਕਾਂ ਨੂੰ ਵੇਂਦਿਆਂ ਮੈਂ ਸਿੱਖ ਹੋਇਆ ਰਿਦੇ ਵਿਚ,
ਹੋ ਗਿਆ ਤੁਕਲਾ ਭੀ ਸਿਧਾ ਮੇਰੀ ਤੰਨ ਦਾ।
ਫੋਲ ਫੋਲ ਵੇਖੀਆਂ ਕਤਾਬਾਂ ਫੇਰ ਕੰਵਰ ਆਕੇ,
ਪਾਇਆ ਮੈਂ ਖਜਾਨਾਂ ਵਿਚੋਂ ਭੇਤ ਵਾਲੇ ਧੰਨ ਦਾ।

## ਗੁਰ ਸਿਖ ਨਾਲ ਗੁਰ ਭਾਈ ਜਾਣ ਹਿਤ

(ਦੋਹਰਾ) ਨਗਰ ਨਥੇਹ ਗੋਤ ਗਿਲ ਜਿਲੇ ਲਾਹੌਰੇ ਮਾਹਿ।
(ਸਿਖ) ਰਾਮ ਸਿੰਘ ਸਤਿਗੁਰੂ ਦਾ ਨਾਮ ਸੁੰਦਰ ਸਿੰਘ ਜਾਹਿ।
ਇਕ ਸਿਖ ਦੇ ਜੀਵਨ ਚੋਂ ਇਕ ਸਾਖੀ,
ਲਿਖਾਂ ਸਿਖੀ ਪ੍ਰੇਮ ਸਤਿਕਾਰ ਕਰਕੇ।
ਸੁੰਦਰ ਸਿੰਘ ਨਾਂ ਆਖਦੇ ਲੋਕ ਚੈਨਾਂ,



Sri Satguru Jagjit Singh Ji Elibrary NamdhariElibrary@gmail.com

ਰੈਂਦਾ ਚੈਨ ਚਾ ਚੜਿਆ ਅਪਾਰ ਕਰਕੇ।
ਸੁਬਾ ਸ਼ਾਮ ਰਹੇ ਰਾਮ ਦੇ ਰੰਗ ਰਤਾ,
ਮੱਤਾ ਮਸਤੀ ਪਰੇਮ ਖੁਮਾਰ ਕਰਕੇ।
ਵੰਜੇ ਬਿਥੜਾ ਨ ਦਰ ਚਲ ਆਇਆ,
ਅਣ ਹੁੰਦਾ ਵੰਡਾਵੇ ਪਿਆਰ ਕਹਕੇ।
ਕਰ ਨਿਤ ਪ੍ਰਸ਼ਾਦ ਤ੍ਰਭੌਤ ਰੀਜੋਂ,
ਭੀ ਅਰਦਾਸ ਕਰ ਸਭ ਵਰਤਾ ਦੇਵੇ।
ਬਿਨਾਂ ਵਿਤਕਰੇ ਬਿਤ ਤੋਂ ਵਧ ਵਰਤੇ,
ਪਰਤੇ ਖਿਜ ਨ ਦਰਸ ਜੋ ਆ ਦੇਵੇ।

ਇਕ ਸਿਖ ਨਕੀ, ਮਜੈਲ ਭੈੜੀ ਰੀਤ ਤੋਂ ਤੰਗ ਹੋਇਆ ਦਾਜ ਤੇ ਜੰਵ ਦੀ ਖਾਤ੍ਰ ਦਾਰੀ ਦੇ ਦੁਖੋ ਧੀਆਂ ਵਿਔਣ ਜੋਰ ਹੋਈਆਂ ਜਾਣ ਆਣਰੁੰਨਾ ਤੇ ਚੈਨੇ ਆਦਰ ਇਮਦਾਦ ਕੀਤੀ।

ਆਇਆ ਸਿਖ ਬਹਾਇਆ ਚਾਈਂ ਚੈਂਨੇ,
ਛੰਨਾਂ ਹਥ ਫੜਾਇਆ ਜਾਂ ਘੋਲ਼ ਮਿਠਾ।
ਖੁਸ਼ ਹੋਣ ਥਾਂ ਸਿਖ ਉਹ ਰੋਣ ਲਗਾ,
ਝਟ ਪੁਛਿਆ ਫਟ ਅਨਭੋਲ ਡਿਠਾ।
ਕੀ ਵੇਦਨਾਂ ? ਕਹਿੰਦਾ ਮਝੈਲ ਨਕੀ,
ਟਿਕੀ ਕਰਨ ਚੰਗੇਰੀ ਤੰਬੋਲ ਇਠਾ।
ਧੀ ਵਿਔਣ ਦੋ ਦੇਣ ਜਰੂਰ ਮਝਾਂ,
ਰੁਨਾਂ ਪੁੰਨੀਆਂ ਦੋ ਨਹੀਂ ਕੋਲ ਚਿਠਾ।



Sri Satguru Jagjit Singh Ji Elibrary NamdhariElibrary@gmail.com

ਏਨਾਂ ਬਿਨਾਂ ਕੀਤੇ ਬੀਤੇ ਬੁਰੀ ਸਾਧਾ,
ਕਾਦਾ ਵਿਆਹ ਆਂਹਦੇ ਕਰ ਬੁਲਾ ਦੇਵੇ।
ਸ਼ਰਬਤ ਪੀਆਂ ਕੀ ਪੂਜਤ ਨ ਵਿਆਣ ਧੀਆਂ,
ਆਵੇ ਦਰਦ ਕਿੰਨੂ ਦਰਬ ਲਿਆ ਦੇਵੇ।

## ਚੈਨੇ ਕਿਹਾ

ਜਲ ਛਕ ਨ ਰੋ ਸਾਧਾ ਭੋਲਿਆ ਤੂੰ,
ਗੁਰਸਿਖਾਂ ਲਈ ਗਲਾਂ ਇਹ ਸ਼ੋਹਦੀਆਂ ਨੇ।
ਸ਼ਾਹਨ ਸ਼ਾਹ ਹੈ ਸੋ ਜਿਦ੍ਹਾ ਸਿਖ ਹੈ ਤੂੰ,
ਜਿਦ੍ਹਾ ਤੂੰ ਹੈਂ ਧੀਆਂ ਭੀ ਉਹਦੀਆਂ ਨੇ।
ਜਿਸ ਜਾਲ ਵਿਚ ਫਸਿਆ ਤੂੰ ਰੋ ਰਿਹਾ ਏਂ,
ਚਜ ਜਗ ਲਜਾ ਮਾਰਾਂ ਮੋਹਦੀਆਂ ਨੇ।
ਦਾਤਾਂ, ਲੰਗਰਾਂ ਦਾ ਦਾਤਾ ਸੋ ਗੁਰੂ ਸਾਡਾ,
ਧੁੰਮਾਂ ਤ੍ਰਿਹੁੰ ਲੋਕੀਂ ਜਿਦ੍ਹੀ ਲੋਹਦੀਆਂ ਨੇ।
ਜਲ ਛਕਾ ਪ੍ਰਸਾਦ ਲਈ ਰਮਤ ਦੇ ਕੇ,
ਚੈਨਾਂ ਸਿਖ ਨੂੰ ਏਧਰ ਰੁਝਾ ਦੇਵੇ।
ਮੂੰਹੋਂ ਮੰਗੀ ਸ਼ਰੀਕ ਨੂੰ ਜਿਮੀ ਦੇ ਕੇ,



Sri Satguru Jagjit Singh Ji Elibrary NamdhariElibrary@gmail.com

ਵੰਜ ਪੰਜ ਸੌ ਲੈ ਦਰਸ ਆ ਦੇਵੇ
ਵਰਤਾ ਛਕ ਛਕਾ ਉਸ ਵਿਦਾ ਮੰਗੀ,
ਚੈਨਾਂ ਸਿਖ ਨੂੰ ਵਿਦਾ ਜਾਂ ਕਰਨ ਟੁਰਿਆ
ਝੋਟੀਆਂ ਕਟੀਆਂ ਸਣੇ ਦੋ ਸਜਰ ਮਝਾਂ,(ਘਰੋਂ)
ਲਈਆਂ ਨਾਲ ਜਿਵੇਂ ਮਾਲ ਚਰਨ ਟੁਰਿਆ
ਪੰਜ ਸੌ ਸਣੇ ਮਝਾਂ ਦੇਕੇ ਜੂਹ ਪਾਰੋਂ,
ਤ੍ਰੈ ਤ੍ਰੈ ਦੇਈਂ ਕਹੇ ਗਹਿ ਚਰਨ ਟੁਰਿਆ
ਵਿਛੜ ਚਲਿਆਂ ਦੋਹਾਂ ਹੇ ਕਲਿਆਂ ਦਾ,
ਜਲ ਅਖੀਆਂ ਚੋਂ ਫਰਨ ਫਰਨ ਟੁਰਿਆ
ਚੈਨਾਂ ਰੋਵੇ ਆਪੇ ਪਤਾ ਨਹੀਂ ਕੀਤਾ,
ਸਤਿਗੁਰੂ ਇਹ ਬਖਸ਼ ਖਤਾ ਦੇਵੇ
ਰੋਵੇ ਸਿਖ ਭਰੋਸੇ ਚਿ ਕਸਰ ਤੋਸਾ,
ਲਿਖਿਆ ਖਸਮ ਵਸ ਕਿਸੇ 'ਚ ਆ ਦੇਵੇ

ਗੁਰਭਾਈ ਗੁਰ ਸਿਖ ਦਾ ਹੈ ਇਹ ਸਹੀ ਪਿਆਰ।
ਨਹੀਂ ਤੇ ਊਣਾਂ ਸਿਖੀਊਂ ਵਹਿਮੀ ਹਿਤ ਸਤਿਕਾਰ।



Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਅਨੰਦ ਮਰਜਾਦਾ

## (ਨਿਵਾਇਕੇ)

[ਦੋਹਰਾ] 'ਚਉਥੈ ਪਹਰਿ ਸੁਬਾਹ ਕੈ ਸੁਰਤਿਆ ਉਪਜੈ ਜਾਓ'।
ਕੂਕਣ ਕਹੇ ਗੁਵਾਂਢਣਾਂ ਭੈਣ ਸ਼ਤਾਬੀ ਨਾਉ।
ਜੀਵਨ ਨਗਰ ਹੈ ਜਾਂਵਣਾਂ ਚੰਨ ਸਿੰਘ ਦਾ ਅਨੰਦ।
ਓਮਣ ਆਈ ਆਖਿਆ ਨ ਤ੍ਰਿੰਵਣ ਨ ਤੰਦ।
ਮੈਂ ਭੀ ਮੂੰਹ ਧੋ ਮਿਲ ਪਵਾਂ ਸੁਣਿਆਂ ਵੇਖਣ ਚਾਉ।
ਵੀਹ* ਵਾਹ ਵਗਿਆਂ ਬਿਨਾਂ ਕਾਜ ਕਿਵੇਂ ਭੁਗਤਾਉ।

ਕੀਤਾ ਜਾਏ ਕੇ ਦੀਦਾਰ, ਲਗੀ ਆਸਾ ਜੀ ਦੀ ਵਾਰ,
ਹਵਨ ਵੇਦੀ ਵਿਚਕਾਰ, ਹੁੰਦਾ ਬਾਣੀ ਸਿਖ ਪੜਦੇ।
ਭੋਗ ਵਾਰ ਜਦ ਪਾਇਆ, ਔਣ ਗੁਰਾਂ ਫੁਰਮਾਇਆ,
ਵਿਔਣਾਂ ਪੁਤਾਂ ਧੀਆਂਚਾਹਿਆ,ਸੁਣ ਮੌਹੇ ਆਣ ਖੜਦੇ।
ਹੋਤ ਉਮਰ ਵਿਚਾਰ, ਅੰਮ੍ਰਿਤ ਭਜਨ ਸੰਵਾਰ,
ਜੋੜੇ ਹੰਸਾਂ ਦੀ ਨੁਹਾਰ, ਲੜ ਰੰਂਢੇ ਨਾਲ ਲੜਦੇ।
ਹੁੰਦੇ ਲਾਵਾਂ ਦੇ ਉਚਾਰੇ, ਜਗੇ ਹਵਨ ਦੁਆਲੇ,
ਲਈਆਂ ਜੋੜੀ ਉਸ ਚਾਰੇ, ਲਾਵਾਂ ਬਿਨਾਂ ਸੰਗਾ ਅੜਦੇ।
ਪਾਠ ਗ੍ਰੰਥ ਭੋਗ ਪਾਏ, ਪੜ ਅਨੰਦ ਭਰਿਆ ਮਾਏ,
ਕਰ ਅਰਦਾਸ ਭਾਏ, ਪ੍ਰਸ਼ਾਦ ਵਰਤਾਇਕੇ।
ਸਹਿਜੇ ਦਾਤਾਂ ਗੁਰੋਂ ਪਾਈਆਂ,ਮਨਵਜੀਆਂ ਵਧਾਈਆਂ,
ਧਿਰਾਂਘਰੋ ਘਰੀ ਆਈਆਂ,ਸੀਸ ਗੁਰਾਂ ਨੂੰ ਨਿਵਾਇਕੇ।

---

*ਵੀਹ ਵਾਹ ਵਗਣ ਤਾਂ ਵਿਆਹ ਹੁੰਦਾ ਏ। ਲੋਕਕ ਪ੍ਰਮਾਣ ਹੈ।



Sri Satguru Jagjit Singh Ji Elibrary NamdhariElibrary@gmail.com

ਬੀਬੀ ਆ ਘਰ ਸਾਹੁਰੇ ਸਾਦੇ ਸਰਲ ਸੁਭਾ।
ਓਵੇਂ ਵੇਖ ਉਹਦੀ ਸਸ ਨੂੰ ਓਮਣ ਹੱਸ ਕਿਹਾ।
ਭੈਣੇ ਸਸਤੇ ਤੁਸਾਂ ਦੇ ਪੁਤਰ ਵਿਆਹੇ ਜਾਨ।
ਤਾਂ ਹੀ ਨੂੰਹਾਂ ਦੇ ਸਗਨ ਚਾਂ ਵਲ ਨ ਦਿਓ ਧਿਆਨ।
ਗਹਿਣੇ ਸੁਟ ਨ ਘੁੰਡ ਚਿੜੀ, ਮੁੰਡਿਆਂ ਵਾਂਗਰ ਮੂੰਹ।
ਕਢੀ ਫਿਰ ਦੀ ਫਰਕ ਕੀ ਹੈ ਵਿਚ ਧੀ ਤੇ ਨੂੰਹ।
ਹੋਰ ਜੋ ਸੁੱਖ ਚੰਗਾ ਕਰੋ ਨੰਗੇ ਮੂੰਹ ਇਕ ਰਹਿਣ।
ਠੀਕ ਨ ਦੁਆਲੇ ਅਗਦੇ ਲਗਦੇ ਫੇਰੇ ਲੈਣ।

## ਉਤਰ ਨਾਮ ਧਾਰਨ ਵਲੋਂ

ਸਾਡੇ ਸਤਿਗੁਰੂ ਕਹਿਣ, ਘੁੰਡ ਕਢਣਾਂ ਨਹੀਂ ਭੈਣ,
ਸੁਖੀ ਗੁਰ ਸਿਖ ਰਹਿਣ, ਮਰਜਾਦਾ ਗੁਰ ਮੰਨ ਕੇ।
ਨੀਵੀਂ ਸ਼ਰਮ ਅਖ ਰਹਿਣਾਂ,ਜੇਹੜਾ ਘੁੰਡ ਦਾਹੈ ਮੈਹਣਾਂ
ਜੋਗਾ ਭਾਈਆਂ ਅਤੇ ਭੈਣਾਂ, ਮਨ ਰਖਣਾਂ ਹੈ ਬੰਨ ਕੇ।
ਸੌਹਰਾ ਧਰਮ ਦਾ ਬਾਪ, ਘੁੰਡ ਬਾਪ ਤੋਂ ਹੈ ਪਾਪ,
ਵਡਾ ਘੁੰਡ ਕਢੇ ਆਪ, ਰਹੇ ਜੋ ਸ਼ੇਖ ਬਣ ਠੰਨ ਕੇ।
ਗੁਰੂ ਸੰਗਤ ਸਰਬੱਗ, ਸਾਖੀ ਹਵਨ ਦੀ ਅੱਗ,
ਅੱਗ ਕਰੇਗੀ ਅਲੱਗ, ਲਾਵਾਂ ਲਈਆਂ ਪ੍ਰਵੰਨ ਕੇ।



Sri Satguru Jagjit Singh Ji Elibrary NamdhariElibrary@gmail.com

ਸਾਦਾ ਰਖਣਾ ਲਿਬਾਸ, ਮਤ ਗੁਰਾਂ ਦੀ ਹੈ ਖਾਸ,
ਗਹਿਣਾਂ ਨਾਮ ਗੁਣ ਰਾਸ, ਸਤ ਰਖੋ ਸੰਗ ਲਾਇਕੇ।
ਗੁਰਮਤ ਸ਼ਬ ਸਾਦੀ, ਵਿਤ ਵਰਤ ਗਮੀਂ ਸ਼ਾਦੀ,
ਰੰਗ ਮਾਣੀਏਂ ਅਜ਼ਾਦੀ ਸੀਸ ਗੁਰਾਂ ਨੂੰ ਨਿਵਾਇਕੇ।
ਦੋਹਰਾ--ਓਮਣ ਆਖਿਆ ਮੰਗਣਾਂ ਭੈਣੇ ਕਿਵੇਂ ਕਰੇ।
ਸਾਹ ਪਹੋਚਾ ਸੁਰ ਸਲਾਹ ਮਿਥ ਦਿਨ ਕਿਵੇਂ ਸਰੋਂ।

[ ਉਤਰ ]

ਸਮਾਂ ਡਿਠਾ ਅਜਮ·ਇਆ, ਗੁਰਾਂ ਮੰਗਣਾਂ ਹਟਾਇਆ,
ਵਿਚ ਬੇ ਰਸੀ ਪੈ ਜਾਇਆ, ਲੰਮੇਂ ਕਚੜੇ ਪਿਆਰ ਦੇ।
ਜੋਗ ਵਿਔਣ ਦੇ ਸੰਤਾਨ, ਜਦੋਂ ਜਾਪੇ ਲਈਏ ਜਾਨ,
ਗੁਰਾਂ ਪਾਸ ਨਿਰਮਾਨ, ਹੋ ਹਾਂ ਅਰਜ ਗੁਜਾਰ ਦੇ।
ਜਿਵੇਂ ਆਪ ਦੀ ਰਜਾ, ਹੋਵੇ ਦੇਣ ਸੋ ਸੁਝਾ,
ਸਮਾਂ ਆਨੰਦਾਂ ਦਾ ਆ, ਪੂੰਨੇ ਕਾਰਜ ਸੰਵਾਰ ਦੇ।
ਕਈ ਆਪ ਜਾਚ ਲੈਣ, ਕਈ ਫੇਰਿਆਂ ਤੇ ਬਹਿਣ,
ਪਿਛੋਂ ਕੁੜਮ ਮਿਲ ਪੈਣ, ਮੇਲੇ ਗੁਰੂ ਕਰਤਾਰ ਦੇ।
ਓਮਣ ਕਿਹਾ ਭੈਣ ਦੱਸ, ਕੀ ਤੁਸਾਂ ਦੇ ਹੈ ਵਸ,
ਜੋੜੀ ਕਰਨ ਗੁਰੂ ਬੱਸ, ਤੁਸੀਂ ਮੰਨੋਂ ਕਰੋ ਜਾਇਕੇ।
ਪੂਰੇ ਗੁਰ ਪਰਤਾਪ, ਲੱਥੇ ਰੋਗ ਤੇ ਸੰਤਾਪ,
ਵਹਿਮੀ ਮੰਨ ਗੁਰਾਂ ਬਾਪ, ਸੁਖੀ ਸੀਸ ਨੂੰ ਨਿਵਾਇ ਕੇ।

[ ਓਮਣ ]

ਸੁਣਿਆਂ ਅੰਧੇ ਰਾਹ ਜਿਉਂ ਮੁਕਾ ਮਨ ਦਾ ਭਰਮ।
ਭੈਣ ਪਿਆਰੀ ਮੰਨ ਉਸ ਧਾਰਨ ਕੀਤਾ ਧਰਮ।



Sri Satguru Jagjit Singh Ji Elibrary NamdhariElibrary@gmail.com

## ਮਾਈ ਦਾਨੀ ਚੱਬੇ ਜ਼ਿ: ਅੰਮ੍ਰਿਤਸਰ, ਵਾਲੀ ਭੈਣੀ ਸਾਹਿਬ ਸਤਿਗੁਰੂ ਪਰਤਾਪ ਸਿੰਘ ਜੀ ਦੇ ਹਜ਼ੂਰ

ਬਾਣੀ ਭਜਨ ਪ੍ਰਵਾਹ ਓਮਾਹ ਰਬੀ,
ਨਿਤ ਨੇਮ ਪਰੇਮ ਸਤ ਸੰਗ ਹੋਇਆ
ਭੈਣੀ ਸਾਹਿਬ ਸਤਿਗੁਰੂ ਪਰਤਾਪ ਸਿੰਘ ਜੀ,
ਆਪ ਥਾਪ ਕੀਤਾ ਸਭ ਰੰਗ ਹੋਇਆ
ਭੋਗ ਰਾਮ ਵਿਛੋੜੇ ਦੇ ਭੋਗ ਲਈ ਪੈ,
ਕਈਆਂ ਜੋੜਿਆਂ ਦਾ ਜੋਗ ਢੰਗ ਹੋਇਆ
ਆ ਆ ਗੁਰਾਂ ਹਜ਼ੂਰ ਕਸੂਰ ਬੋਲਨ,
ਸ਼ੁਰੂ ਤੋਲ ਸਚਾ ਬਿਨਾਂ ਸੰਗ ਹੋਇਆ
ਤੌਵਾ ਕਿਸੇ ਤੋੜੀ ਭਾਵੇਂ ਸੌ ਵਾਰੀ,
ਤੌਂ ਭੀ ਸ਼ੋਹ ਦਾ ਹੀਆ ਨ ਤੰਗ ਹੋਇਆ
ਅਗੋਂ ਕਰੀ ਨ ਆਖ ਮੁਆਫ ਕਰਦੇ,
ਪਿਛਾ ਸਾਫ ਜੋ ਕੁਛ ਮੰਦ ਚੰਗ ਹੋਇਆ
ਮਾਈ ਚੱਬੇ ਦੀ ਆਈ ਸੁਣਾਈ ਵਿਰਥਾ,
ਬਿਰਥਾ ਜਨਮ ਗਿਆ ਧਰਮ ਭੰਗ ਹੋਇਆ
ਮਾਰੀ ਧੀ ਮੈਂ ਕੀ ਜਵਾਬ ਦੇਵਾਂ,
ਕੰਬੇ ਜੀਅ ਜਦੋਂ ਲੇਖਾ ਪੰਗ ਹੋਇਆ
ਗੁਰਾਂ ਕਿਹਾ ਸਫਾਈ ਰਿਹਾਈ ਬਖਸ਼ਸ਼,
ਲੋਹਾ ਲਿਸ਼ਕਦਾ ਜਿਉਂ ਬਿਨਾਂ ਜੰਗ ਹੋਇਆ
ਰਵੇ ਦੋਸ ਨ ਸੰਗਤ ਚਿ ਸੋਚ ਅਗਾ,
ਲਜਾ ਲਾਹ ਨੰਗਾ ਧਰਮ ਅੰਗ ਹੋਇਆ



Sri Satguru Jagjit Singh Ji Elibrary NamdhariElibrary@gmail.com

ਸਹੀ ਢੰਗ ਸਭਾ ਅਦਲ ਤੁਰਤ ਹੁੰਦਾ,
ਗੋਰਾ ਜ਼ਿਲੇ* ਦਾ ਦੇਖ ਸੀ ਦੰਗ ਹੋਇਆ।
[ਕੈਂਦਾ]ਕੀ ਸ਼ਕਤ ਸਖਤੀ ਬਿਨਾਂ ਕਤਲਕਾਤਲ,
ਮੰਨਣ ਗੁਰੇ ਨਹੀਂ ਜ਼ਰਾ ਵਿਅੰਗ ਹੋਇਆ।
ਕਿਹਾ ਗੁਰੂ ਜੀ ਤੁਸਾਂ ਦੇ ਅਦਲ ਢੰਗੋਂ,
ਸ਼ੁਰੂ ਜਗ ਬਦਲਾ ਅਤੇ ਜੰਗ ਹੋਇਆ।
ਜੇੜ੍ਹਾ ਸਚ ਬੋਲੇ ਤੁਸੀਂ ਸਜ਼ਾ ਦੇਵੋ,
ਸੁਖ ਨ ਸਜ਼ਾ ਪਾਏ ਫਾਹੇ ਟੰਗ ਹੋਇਆ।
ਸਤ ਬੋਲ਼ਦਾ ਜੋ ਹੁੰਦੀ ਬਖਸ਼ ਏਥੇ,
ਅਦਲ ਸਦਾ ਅਨੁਸਾਰ ਹੀ ਮੰਗ ਹੋਇਆ।
ਭਾਗਭਾਵਨੀ ਦਾ ਆਇਆਂ ਮਿਲੇ ਏਥੇ,
ਨੰਗੋਂ ਸ਼ਾਹ ਹੋਜਾ ਸ਼ਾਹੋਂ ਨੰਗ ਹੋਇਆ।
ਛਾਕੇ ਲੱਜ ਲਾਹ ਬੋਲਨਾਂ ਸਚ ਅਉਖਾ,
ਪਰ ਹੈ ਬੋਲਦਾ ਕੋਈ ਨਿਹੰਗ ਹੋਇਆ।
ਮੰਗਣ ਮੌਤ ਇਨਸਾਫੀ ਹੈ ਆਪ ਉਤੇ,
ਮਾਫੀ ਮਿਲੀ ਖਾਹ ਕਾਫੀਆ ਤੰਗ ਹੋਇਆ।
ਸੁਣ ਵਾਰਤਾ ਇਹ ਗੁਨਾਹ ਗਾਰ ਮੈਂ ਦਾ,
ਮਿਹਰਬਾਨ ਬੋਲਾ ਉਸੇ ਡੰਗ ਹੋਇਆ।
ਸੁਖੀ ਸਤਿਗੁਰਾਂ ਦੀ ਮੇਹਰੇ ਰਿਹਾ ਵਹਿਮੀ,
ਦੁਖੀ ਗੁਰਾਂ ਦੀ ਮਤ ਉਲੰਗ ਹੋਇਆ।

---

*ਡੀ ਡਾਨਲਡ ਕਪਤਾਨ ਲੁਧਿਆਣੇ ਦਾ।



Sri Satguru Jagjit Singh Ji Elibrary NamdhariElibrary@gmail.com

ਇਹ ਗੁਰੂ ਮਿਹਰ ਮਤ ਵਰਨੀ ਏ।
ਗੁਰੂ ਮਿਹਰ ਕਰੇ ਮਤ ਵਰਤਨੀ ਦੇ।
ਸੂਤ ਇਕ ਜਿਉਂ ਤਾਣਾ ਪੇਟਾ।
ਬੀਜ ਬਿਰਖ ਫੁਲਬਾਸ ਲਪੇਟਾ।

## ਯਾਦ ਰਹੇਗਾ ਸਦਾ ਪਿਆਰ ਤੇਰਾ

### ਹੋਲਾ ਅਨੰਦਪੁਰ ਸਾਹਿਬ ਸਤਿਗੁਰੂ ਪਰਤਾਪ ਸਿੰਘ ਜੀ ਸਮੇਂ

ਓਨੀ ਸੌ ਅਠਾਠ ਅਨੰਦਪੁਰ ਨੂੰ,
ਟੁਰੀਆਂ ਸੰਗਤਾਂ ਹੋਲਾ ਮਨਾਣ ਦੇ ਲਈ।
ਗੁਰੂ ਗਿਆਰਵੇਂ ਦੇ ਸ਼ੁਭ ਦਿਵਸ ਉਤੇ,
ਦਸੇ ਦਸਮ ਦੇ ਸਬਕ ਪਕਾਨ ਦੇ ਲਈ।
ਸੁਣਿਆਂ ਸਤਿਗੁਰਾਂ ਗੁੰਡੇ ਆ ਗੰਦ ਬਕਦੇ,
ਬੰਨ੍ਹ ਟੋਲੀਆਂ ਗੰਦ ਵਧਾਨ ਦੇ ਲਈ।
ਬੰਦੋਬਸਤ ਕੀਤੇ ਬਿਨਾਂ ਪਤਾ ਕੀਏ,
ਕਦੋਂ ਕੀ ਬੀਤੇ ਲਾਭ ਹਾਨ ਦੇ ਲਈ।
ਕਿਹਾ ਸਾਧੂਆਂ ਵਕਤੀ ਹਾਕਮਾਂ ਨੂੰ,
ਸ਼ਕਤੀ ਵਰਤ ਕੇ ਤੁਸੀਂ ਹਟਾਉ ਉਹਨਾਂ।
ਹਨ ਗੁਰ ਅਸਥਾਨ ਮਹਾਨ ਸੁਚੇ,



Sri Satguru Jagjit Singh Ji Elibrary NamdhariElibrary@gmail.com

ਜੋਗ ਧਰਮ ਗਿਆਨ ਸਮਝਾਉ ਉਹਨਾਂ।

ਦਿਤਾ ਉਤਰ ਉਹਨਾਂ ਅਨਗਿਣਤ ਆਈਆਂ,
ਰੋਕ ਸਕਦੇ ਨਹੀਂ ਅਉਤ੍ਰ ਟੋਲੀਆਂ ਨੂੰ।

ਮੰਦੇ ਨਹੀਂ ਮੁੜਦੇ ਥਕੇ ਅਸੀਂ ਆਂਦੇ,
ਗੰਦੇ ਗੰਦ ਬਕਦੇ ਪਾਂਦ ਬੋਲੀਆਂ ਨੂੰ।

ਸਤਿਗੁਰੂ ਜੀ ਸਿੰਘਾਂ ਵੰਡ ਵਾਰ ਕਰਕੇ,
ਜਥੇ ਬੰਦ ਕਰ ਹਾਣੀ ਹਮਜੋਲੀਆਂ ਨੂੰ।

ਗੰਦ ਬੋਲੀਆਂ ਬੰਦ ਕਰ ਦੱਸ ਦਿੱਤਾ,
ਪਿਤਾ ਦਸਮ ਦੀ ਦਾਤਾਂ ਅਨਮੋਲੀਆਂ ਨੂੰ।

ਬਣਿਆਂ ਬੁਰੇ ਰਿਵਾਜ ਦੀ ਰੋਕ ਕਾਰਨ,
ਇਹ ਅਨੰਦਪੁਰ ਦਾ ਉਸਵਾਰ ਫੇਰਾ।

ਐਸੇ ਗੁਰਾਂ ਦੇ ਗੌਂਦਿਆਂ ਗੁਣ 'ਵਹਿਮੀ'
ਯਾਦ ਰਹੇਗਾ ਸਦਾ ਪਿਆਰ ਤੇਰਾ।



Sri Satguru Jagjit Singh Ji Elibrary NamdhariElibrary@gmail.com

# ਡੁਬਾ ਬੇੜਾ ਤਾਰਿਆ

ਸਹਿਨਸ਼ਾਹ ਪਰੇਮ ਪ੍ਰਵਾਹ ਜਾਰੀ ਕਰ ਦਿਤਾ,
ਪੰਥ ਨਾਮਧਾਰੀ ਸੰਤ ਖਾਲਸਾ ਸਜਾਇਕੇ।
ਕਲਿਜੁਗੀ ਜੀਵਾਂ ਨੂੰ ਵਿਖਾਏ ਦਿਤਾ ਪਲਾਂ ਵਿਚ,
ਕਲਾ ਵਰਤਾਏ ਸਹੀ ਸਤਿਜੁਗ ਲਾਇਕੇ।
ਗਾਈਂ ਹਿਤ ਸਿੰਘ ਲਾ ਸਬੂਤ ਸਾਈਂ ਕਰ ਦਿੱਤਾ,
ਨਾਹੀਂ ਡਰ ਮੌਤ ਇਨ ਵੇਖੋ ਅਜਮਾਇਕੇ।
ਮੋਹਨ ਜਿਉਂ ਮੋਹੇ ਗੁਰ ਬਉਰਾ ਕਰ ਦੀਉ ਦੇਸ,
ਦੌਰਾ ਫਿਰਾਏ ਸਾਜ ਸਕਤ ਰਖਾਇਕੇ।
ਦੂਤੀ ਪੇਟ ਪਾਲੂਆਂ ਨੇ ਲੂਤੀਆਂ ਲਾ ਭਰੇ ਕੰਨ,
ਤੇਜ ਪ੍ਰਤਾਪ ਅੰਗਰੇਜ਼ ਨ ਸਹਾਰਿਆ।
ਡਰ ਗਿਆ ਸੁਣ ਇਹ ਅਵਾਜ਼ ਸੰਤ ਖਾਲਸੇ ਦੀ,
ਗੁਰੂ ਰਾਮਸਿੰਘ ਜੀ ਆ ਡੁਬਾ ਬੇੜਾ ਤਾਰਿਆ।



Sri Satguru Jagjit Singh Ji Elibrary NamdhariElibrary@gmail.com

# ਕੂਕਿਆਂ ਨੇ ਕੂਕ ਮਾਰੀ ਫੇਰ ਭੀ ਆਜ਼ਾਦੀਆਂ ਦੀ

## ਸਿਖ ਇਤਿਹਾਸ ਨੰਬਰ ਪੋਹ ਮਾਘ ੧੯੯੬ ਵਿਚ
## ਸਿਖ ਇਤਿਹਾਸਕ ਝਾਕੀ

ਵਲੋਂ ਸ੍ਰ: ਵਧਾਤਾ ਸਿੰਘ ਜੀ (ਤੀਰ) ਦੀਆਂ ਹੈਨ ਤਾਂ ੩੦ ਲਾਇਨਾਂ। ਪਰ ਮੈਂ ਉਹਨਾਂ ਵਿਚੋਂ ਆਪਣੇ ਅਰਥ ਦੀਆਂ ਕੁਝ ਹੀ ਲੈ ਤੇ ਹੋਰ ਲਿਖਵਾਈਆਂ ਸ੍ਰ: ਜੀ ਤੋਂ ਅਜੀਤ ਨਗਰ ਅੰਮ੍ਰਿਤਸਰ ਜਾ ੪ ਫਗਨ ੨੦੨੧ ਮੰਗਲਵਾਰ ਨੂੰ ਦੇਂਦਾ ਹਾਂ

(ਤਰਨ ਸਿੰਘ)

ਵੇਖਿਆ ਵੰਗਾਰਦੇ ਮਿਆਨੋ ਤਲਵਾਰ ਧੂਹ ਕੇ,
ਗੁਰੂ ਬਾਜਾਂ ਵਾਲੜੇ ਨੂੰ ਖੁਲੇ ਅਜਲਾਸ ਵਿਚ।
ਪਲੋ ਪਲੀ ਖੜੇ ਆਏ ਪੰਜੇ ਝਟਕਾਏ ਵੇਖੇ,
ਓਹੀ ਹਥ ਬਧੀ ਵੇਖੇ ਜੀਵਨ ਦੀ ਆਸ ਵਿਚ।
ਅੰਮ੍ਰਿਤ ਛਕਾਂਦੇ ਵੇਖੇ ਮੋਇਆਂ ਨੂੰ ਜਵਾਂਦੇ ਵੇਖੇ,
ਹਥੋ ਹਥ ਫੇਰ ਵੇਖੇ ਪੈਂਦੇ ਮੁੜ ਸਾਸ ਵਿਚ।

ਅੰਤ ਲਿਖਦੇ ਹਨ।

ਹਰੀ ਸਿੰਘ ਨਲੂਆ ਅਕਾਲੀ ਫੂਲਾ ਸਿੰਘ ਵੇਖੇ,
ਮਿਰਚਾਂ ਦਾ ਧੂਆਂ ਦੇਂਦੇ ਵੈਰੀਆਂ ਦੀ ਨਾਸ ਵਿਚ।
ਤੀਰ ਭਾਗਾਂ ਖੋਟਿਆਂ ਨੂੰ ਇਹ ਭੀ ਓਥੇ ਗਲ ਵੇਖੀ,
ਫੁਟ ਕੋੜ੍ਹ ਫੁਟਾ ਆ ਕੇ ਖਾਲਸੇ ਦੇ ਮਾਸ ਵਿਚ।
ਰਾਜ ਭਾਗ ਖੁਸਿਆ ਪੰਜਾਬੀ ਅਰਥੀਏ ਹੋਏ,
ਕਾਲੀ ਗਲ ਲਿਖੀ ਵੇਖੀ ਸਿਖ ਇਤਿਹਾਸ ਵਿਚ।



Sri Satguru Jagjit Singh Ji Elibrary NamdhariElibrary@gmail.com

# ਲਿਖਾਈਆਂ

ਕੂਕਿਆਂ ਨੇ ਕੂਕ ਮਾਰੀ ਫੇਰ ਭੀ ਅਜ਼ਾਦੀਆਂ ਦੀ,
ਰਾਮ ਰੂਪ ਪੂਜ ਜੁਟ ਨਾਮ ਅਭਿਆਸ ਵਿਚ।
ਗਊਆਂਗੁਰਦੁਆਰਿਆਂਲਈ ਫਾਸੀਆਂਭੀਚੁਮਲਈਆਂ,
ਜੁੜੇ ਰਹੇ ਅੰਤ ਸਮੇਂ ਸਿਖੀ ਅਰਦਾਸ ਵਿਚ।
ਅਮੀਂ ਸਰ ਰਾਮ ਬਾਗ ਨੇੜੇ ਬੋਹੜ ਦਸਦੀ ਏ,
ਫਾਹੇ ਆਏ ਹੁਕਮ ਗੁਰ ਧਰਮ ਸਨਾਸ ਵਿਚ।
ਕੋਟਲੇ ਦੇ ਕਲਰ ਚਿ ਤੋਪਾਂ ਦੇ ਖੜੇ ਸਾਹਵੇਂ,
ਹੋਏ ਭੀ ਸ਼ਹੀਦ ਦੇਸ ਸੇਵਾ ਦੇ ਹੁਲਾਸ ਵਿਚ।
ਦੇਸ ਦੇ ਦੀਵਾਨਿਆਂ ਤੇ ਨਾਮ ਮਸਤਾਨਿਆਂ ਨੇ,
ਦਿਤੀ ਕੁਰਬਾਨੀ ਨਵੇਂ ਜੀਵਨ ਨਿਕਾਸ ਵਿਚ।
ਚੀਨੀ ਵਾਲੇ ਗੁਰੂ ਆਗੂ ਖਾਲਸੇ ਦੇ ਲੰਮਾਂ ਸਮਾਂ,
ਦੇਸੋਂ ਦੂਰ ਗਏ ਆਏ ਜਿਵੇਂ ਮਾਘ ਮਾਸ ਵਿਚ।
ਪਹੁੰਚ ਪ੍ਰਦੇਸ ਪ੍ਰੇਮੀ ਪਤ੍ਰ ਲਿਔਂਦੇ ਰਹੇ,
ਅਮਰ ਕਮੌਂਦੇ ਪਾਏ ਸਰਧਾ ਦੀ ਬਾਸ ਵਿਚ।
'ਤੀਰ' ਪਰ ਅਜੇ ਕੌਮ ਓਵੇਂ ਦਿਨ ਕਟ ਰਹੀ ਏ,
ਆਸ ਲੈ ਮਿਲਾਪ ਦ੍ਰਿੜ ਗੁਰਾਂ ਦੇ ਬਿਲਾਸ ਵਿਚ।



Sri Satguru Jagjit Singh Ji Elibrary NamdhariElibrary@gmail.com

## ਵਿਗੜੀ ਸਵਾਰ ਦੇ

ਭਰੇ ਹੋਏ ਦੀਵਾਨ ਵਿਚ ਆਨਕੇ ਨਿਹੰਗ ਇਕ,
ਹੋਇਕੇ ਨਿਹੰਗ ਕਿਹਾ ਚੀਨੀ ਅਸਵਾਰ ਨੂੰ।
ਲੈ ਓ ਤਖਾਣਾਂ ਤਾਂ ਮੈਂ ਜਾਣਾਂ ਤੈਨੂੰ ਕਾਰੀਗਰ,
ਅਰਸ਼ਾਂ ਤੋਂ ਧਾਣਾਂ ਜਗ ਵਿਗੜੀ ਸਵਾਰ ਨੂੰ।
ਏਸ ਡਿੰਗੀ ਲਕੜੀ ਦੇ ਲਾਹਦੇ ਖੁੰਘ ਨਾਲੇ ਸਿਧੀ,
ਕਰਦੇ ਤੂੰ ਹਥੀਂ ਫੜ ਹਛੇ ਹਥਿਆਰ ਨੂੰ।
ਕੰਮੀਆਂ ਇਹ ਕੰਮ ਮੇਰਾ ਕਰਦੇ ਤੂੰ ਮੈਂ ਭੀ ਤੇਰਾ,
ਰਖਾਂਗਾ ਨ ਹੱਕ ਦੇਵਾਂ ਪੂਰੀ ਸੇਪਕਾਰ ਨੂੰ।
ਕੰਮੀ ਹੁੰਦਾ ਕੰਮ ਦਾ ਤੇ ਜਟ ਹੁੰਦਾ ਜਾਣੇਂ ਦਾ ਏ,
ਪੁਛ ਏਹਨਾਂ ਬੋਲੀਆਂ ਪਾਤਾਲੀਆਂ ਜੋ ਮਾਰਦੇ।
ਰਖ ਅਗੇ ਬੈਠ ਸਾਹਵੇਂ ਆਂਦਾ ਹੁਣੇ ਛੇਤੀ ਕਰ,
ਮੇਰੀ ਡਿੰਗੀ ਲਕੜੀ ਦੀ ਵਿਗੜੀ ਸਵਾਰਦੇ।

## ਸਤਿਗੁਰੂ ਜੀ

ਓਸ ਸਚੇ ਕਾਰੀਗਰ ਕੁਲ ਘਰ ਕਾਰੀਗਰਾਂ,
ਕਰ ਮੈਨੂੰ ਕਾਰੀਗਰ ਘਲਿਐ ਜਹਾਨ ਤੇ।
ਕੰਮੀ ਹਾਂ ਮੈਂ ਠੀਕ ਧੁਰੋਂ ਕੰਮ ਹੀ ਕਰਨ ਆਇਆ,
ਵਿਗੜੀ ਸਵਾਰਾਂ ਰਵਾਂ ਘੜਨ ਬਨਾਨ ਤੇ।



Sri Satguru Jagjit Singh Ji Elibrary NamdhariElibrary@gmail.com

ਫੜ ਹਥਿਆਰ ਹਥੀਂ ਕਾਰ ਕਰਾਂ ਅੱਠੇ ਪਹਿਰ,
ਰੰਮ ਲਗੇ ਕੰਮ ਬਿਨਾਂ ਦਮ ਦੇ ਵਿਹਾਨ ਤੇ।
ਜਗਨ ਜੇ ਜਾਣੇਂ ਕਰੇ ਜੱਟ ਵਾਂਗੂ ਜਹਿਲ ਪੁਣਾਂ,
ਰੋਣਾਂ ਪਊ ਤਾਊ ਪਛ ਵੇਲੇ ਦੇ ਵਿਹਾਨ ਤੇ।
"ਫੇਰ ਕਰੂੰਗਾ ਖਾਲਸਾ" ਜੋ ਬਾਗ ਸਿਖੀ ਖਿੜਿਐ,
ਵਾਕ ਪੂਰੇ ਹੋਏ ਹਨ ਗੁਰ ਅਵਤਾਰ ਦੇ।
ਮੈਨੂੰ ਤਾਂ ਅਕਾਲ ਨੇ ਹੈ ਘਲਿਆ ਹੀ ਆਖ ਇਹੋ,
ਖੁੰਗੀਆਂ ਲਾਹ ਡਿੰਗ ਕੱਢ ਵਿਗੜੀ ਸਵਾਰ ਦੇ।
ਮੋਇਆਂ ਨੂੰ ਜਵਾਨ ਅਤੇ ਕੰਚਨ ਬਨਾਨ ਵਾਲੀ,
ਕੀਮੀਆਂ ਨਿਗਾਂਹ ਸ਼ਾਹ ਸਾਹਨ ਜੋ ਡਾਰੀ ਸੀ।
ਡਾਰੀ ਸੀ ਤਮਾਮ ਮਲ ਧੋਏ ਕੋਟ ਜਨਮਾਂ ਦੀ,
ਵਸਨ ਰਹੀ ਵਠ ਪਿਆ ਚਰਨਾਂ ਮਝਾਰੀ ਸੀ।
ਮਝਾਰੀ ਸੀ ਦੀਵਾਨ ਜੋ ਵਿਗਾੜੀ ਉਹਨੂੰ ਪਛੁਤਾਵੇ,
ਪਾਵੇ ਇਹੋ ਵਾਸਤਾ ਨ ਅਸੀਂ ਕਿਸੇ ਕਾਰ ਦੇ।
ਕਾਰ ਦੇ ਨ ਅਸੀਂ ਕਿਸੇ ਵਹਿਮੀਆਂ ਤੇ ਰਹਿਮ ਕਰ,
ਮਿਹਰਬਾਨ ਸਭ ਹੁੰਦੀ ਵਿਗੜੀ ਸਵਾਰ ਦੇ।
ਖੁੰਗੀਆਂ ਲਾਹੀਆਂ ਡਿੰਗ ਕਢਿਆ ਸਮਰਥ ਗੁਰ ਉਪਕਾਰੀ।
ਜੀਅ ਦਾਨ ਦੇ ਭਗਤੀ ਲਾਇਆ, ਵਿਗੜੀ ਤੁਰਤ ਸਵਾਰੀ।
ਨਜਰ ਜਿਨਾਂ ਦੀ ਕੀਮੀਆਂ ਰਸਨਾਂ ਮਿਕਨਾਂ ਤੀਸ।
ਮਸਤਕ ਮਾਣ ਗਵਾਵਨਾਂ ਸਭੀ ਨਵਾਵੇ ਸੀਸ।



Sri Satguru Jagjit Singh Ji Elibrary NamdhariElibrary@gmail.com

# ਗੁਰਮੁਖੀ ਚਾਲ ਦਾ ਸਨੇਹ

ਮਹਿਦੀ ਪੁਰ ਦੇ ਸਿਖ ੦ਮਤਾਬ ਸਿੰਘ ਨੇ,
ਧੀਆਂ ਦਿਤੀਆਂ ਵਧ ਕੁਸੰਗੀਆਂ ਨੂੰ।
ਗੁਰੂ ਹਰੀ ਸਿੰਘ ਜੀ ਤਨਖਾਹੀ ਕੀਤਾ,
ਕਿਉਂ ਇਸ ਸੋਚਿਆਂ ਨਹੀਂ ਮਤਾਂ ਚੰਗੀਆਂ ਨੂੰ।
ਦੋ ਕੂਕਿਆਂ ਘਰਾਂ ਨੂੰ ਕਸਰ* ਲਾਈ,
ਡਿਠਾ ਨਹੀਂ ਧੀਆਂ ਦੀਆਂ ਤੰਗੀਆਂ ਨੂੰ।
ਜੇਹੜਾ ਸਿਖ ਓਸਨੂੰ ਬਖਸ਼ਾਨ ਆਵੇ,
ਪਹਿਲੋਂ ਮਨ ਅੰਦਰ ਫੇਰੇ ਕੰਘੀਆਂ ਨੂੰ।
ਲਜਾ ਸੋਚ ਸਰਫਾ ਉਹਨੂੰ ਤਜਨਾਂ ਪੈ,
ਲਧੇ ਪਰ ਉਪਕਾਰੀ ਦੀ ਟੋਰ ਵਾਂਗੂ।
ਭਰੇ ਡੰਨ ਸੌ ਤੇ ਦੇਵੇ ਦੋ ਧੀਆਂ,
ਹੀਆ ਫੇਰ ਫਿਰ ਹੋਵੇ ਨ ਹੋਰ ਵਾਂਗੂ।
[ਕੁਝ ਚਿਰ ਬਾਦ ਮਤਾਬ ਸਿੰਘ]
ਦੁਰਗਾਪੁਰ ਦੇ ਮਿਤ੍ਰ †ਵੈਸਾਖਾ ਸਿੰਘ ਨੂੰ,
ਝੁਰ ਰੋ ਜਾ ਦੁਖ ਸੁਨਾਂਵਦਾ ਏ।

---

੦ਮਤਾਬ ਸਿੰਘ ਜੱਟ ਜ਼ਿਮੀਦਾਰ ਜ਼ਿਲਾ ਜਲੰਧਰ।

*ਸਤਿਗੁਰੂ ਪਰਤਾਪ ਸਿੰਘ ਜੀ ਕਿਹਦੇ ਸੀ। ਜੋ ਕੂਕੇ ਕੁਸੰਗੀਆਂ ਨੂੰ ਧੀਆਂ ਦੇਂਦੇ ਹਨ। ਇਹ ਆਪਣੇ ਪੰਥ ਦੀ ਪਤ ਘਟਾਂਦੇ ਹਨ ਤੇ ਓਨੇ ਘਰ ਕੂਕਿਆਂ ਨੂੰ ਕੁਸੰਗੀਆਂ ਦੀਆਂ ਧੀਆਂ ਲੈਣ ਦੀ ਮਜਬੂਰੀ ਹੋ ਕਸਰ ਲਗਦੀ ਹੈ। ਮੁੰਡਿਆਂ ਤੇ ਸੌਹਰਿਆਂ ਦਾ ਅਸਰ ਹੁੰਦੇ।

†ਸੈਣੀ।



Sri Satguru Jagjit Singh Ji Elibrary NamdhariElibrary@gmail.com

ਮੈਂ ਮਜਬੂਰ ਹਾਂ ਕੀਤੇ ਕਸੂਰ ਕਾਰਨ,
ਪਰ ਨ ਸਿਖ ਭੀ ਕੋਈ ਬਖਸਾਂਵਦਾ ਏ।
ਹੱਠ ਮਾਨ ਮੈਂਦਾ ਨਹੀਂ ਹੈ ਰਿਹਾ ਭੋਰਾ,
ਝੋਰਾ ਜਨਮ ਬਿਰਥਾ ਪਿਆ ਜਾਂਵਦਾ ਏ।
ਸੁਣ ਉਸ ਕਿਹਾ ਤਰਲੇ ਨਿਰੇ ਤੰਗ ਕਰਨਾ,
ਸਿਖ ਸੋ ਜੋ ਬਚਨ ਕਮਾਂਵਦਾ ਏ।
ਗੌਰੇ ਸਾਲ ਗੁਰੂ ਹਰਿ ਰਾਏ ਜੀ ਦੀ,
ਖੁਸ਼ੀ ਲਈ ਰਹਿ ਕੇ ਪਿਆਂ ਗੋਰ ਵਾਂਗੂ!
ਮਰਾਂ‡ ਨਾਲ ਫਾਹ ਹੀ ਮੰਗ ਰਖਿਓ ਸੂ,
ਜਾਣੇ ਜਗਤ ਨ ਬਚਨ ਗੁਰ ਹੋਰ ਵਾਂਗੂ।

[ਵਸਾਖਾ ਸਿੰਘ ਨੇ]

ਸਮਤੇ ਸਮੇਂ ਸੀ ਔਖ ਕਰ ਸੌ ਲੈਕੇ,
ਦੋ ਜਵਾਨ ਧੀਆਂ ਹਾਜਰ ਆਨ ਹੋਇਆ।
ਪਲਾ ਗਲ ਪਾ ਅਰਜ ਉਸ ਜਦੋਂ ਕੀਤੀ,
ਅਗੋਂ ਗੁਰੂ ਜੀ ਦਾ ਫੁਰਮਾਨ ਹੋਇਆ।

---

‡ਗੌਰਾ ਸਾਲ ਭਾਈ ਭਗਤੂ ਦੇ ਪੁਤ੍ਰ ਮੰਦੀ ਬੋਲੀ ਕਰਨ ਤੋਂ ਗੁਰੂ ਹਰਿ ਰਾਏ ਜੀ ਦੇ ਚੌਰਵਾਲੇ ਜਸੇ ਨੂੰ ਮਾਰ ਦਿਤਾ ਸੀ ਤੇ ਸੰਗਤੋਂ ਲਾਂਭੇ ਰਹਿਣ ਦਾ ਹੁਕਮ ਗੁਰੂ ਜੀ ਕੀਤਾ ਸੀ ਗੌਰੇ ਸਾਲ ਨੂੰ, ਪਿਛੋਂ ਤੁਰਕ ਪੈ ਗੁਰੂ ਕੇ ਵਹੀਰ ਜਾਂਦੇ ਤੇ ਗੌਰੇਸਾਲ ਸਮੇਤ ਆਪਣੀ ਫੌਜ ਲੜਕੇ ਤੁਰਕੀ ਦਲ ਨੂੰ ਭਾਂਜ ਦਿਤੀ ਸੀ ਤੇ ਗੁਰੂ ਕੀ ਖੁਸ਼ੀ ਲਈ ਸੀ। ਤੇ ਫਾਹ ਨਾਲ ਮਰਨ ਵਾਲਾ ਬਚਨ ਮੰਗ ਰਖਿਆ ਸੀ ਮਤੇ ਜਗਤ ਕਹੇ ਗੁਰੂ ਜੀ ਦਾ ਵਾਕ ਕੋੜਾ ਪੂਰਾ ਹੋਣਾ ਸੀ।



Sri Satguru Jagjit Singh Ji Elibrary NamdhariElibrary@gmail.com

ਜਾਤੀ ਭਿੰਨ ਤੇ ਦੇਈਏ ਗ਼੍ਰੀਬ ਸਿਖਾਂ,
ਫਿਰ ਨ ਕਹੀ ਨਹੀਂ ਭਲਾ ਬੰਧਨ ਹੋਇਆ।
ਸਿਖ ਕਿਹਾ ਸਿਰ ਤੇ ਤੈਂਡਾ ਹਥ ਹੋਵੇ,
ਬਖਸ਼ੋ ਸਤਿਗੁਰੋ ਦੋਸ਼ ਮਹਾਨ ਹੋਇਆ।
ਜਿਵੇਂ ਕਿਹਾ ਕਰ ਪਰਖ ਵਰ ਗੁਰਾਂ ਦਿਤਾ,
ਨਿਭੇ ਸਿਦਕ ਤੇਰਾ ਏਸੇ ਲੋਰ ਵਾਂਗੂ।
ਵਹਿਮੀ ਸਿਖਿਆ ਸਾਖੀ ਇਹ ਦੇ ਗੁਰਸਿਖ,
ਟੁਰੇ ਟੋਰ ਇਸ ਹੋਵੇ ਨ ਹੋਰ ਵਾਂਗੂ।

[ਸਾਰ] ਧੀ ਗ਼੍ਰੀਬ ਨੂੰ ਦੇ ਮਦਦ ਕਰ ਜੱਸ ਪੁੰਨ ਖੱਟੇ।
ਵਰਨ ਜੋ ਮੇਲੇ ਗੁਰਾਂ ਉਹਨਾਂ ਤੋਂ ਅੱਖ ਨ ਵੱਟੇ।
ਟੁਟੇ ਸਿਖ ਨੂੰ ਮੇਲ ਗੁਰਮੁਖੀ ਕਾਰ ਕਮਾਵੇ।
ਬੇਮੁਖ ਕਿਸੇ ਨ ਕਰੇ ਬੇਮੁਖੀ ਤੋਂ ਭੈ ਖਾਵੇ।

ਸ੍ਰੀ ਜੀਤ ਸਿੰਘ ਪੁਸਤਕਾਲਯ ਸ੍ਰੀ ਭੈਣੀ ਸਾਹਿਬ



Sri Satguru Jagjit Singh Ji Elibrary NamdhariElibrary@gmail.com

# ਅੰਮ੍ਰਿਤਸਰੀ

## ਹਰਸਾ ਸਿੰਘ ਜੀ ਚਾਤਰ ਦੀ ਲਿਖੀ ਕੂਕਿਆਂ ਦੀ ਵਾਰ ਵਿਚੋਂ

ਉਸ ਕਲਜੁਗ ਅੰਦਰ ਆ ਕੇ ਸਤਜੁਗ ਵਰਤਾਇਆ।
ਉਸ ਸੁੱਤਾ ਮੁਲਕ ਪੰਜਾਬ ਦਾ ਲਾ ਅਣਖ ਜਗਾਇਆ।
ਉਸ ਨਾਮ ਗੁਰਮੰਤ੍ਰ ਜੀਹਦਿਆਂ ਕੰਨਾਂ ਵਿਚ ਪਾਇਆ।
ਉਹ ਬਣਿਆ ਸਾਧ ਸ਼ੈਤਾਨ ਤੋਂ ਅਸਚਰਜ ਵਿਖਾਇਆ।
ਜਦ ਪੈਂਦਾ ਡਿੱਠਾ ਜੱਗ ਤੇ ਜ਼ੁਲਮਾਂ ਦਾ ਸਾਇਆ।
ਤਦ ਜੁਗਜੁਗ ਭਗਤ ਉਪਾਇਕੈ ਪੈਜ ਰਖਦਾ ਆਇਆ।

... ... ... ... ... ...

ਤਕ ਬੱਬੇ ਆਣ ਨਜ਼ਾਰੇ, ਵਿਚ ਮੈਦਾਨ ਦੇ।
ਆ ਮੌਤਾਂ ਦੇ ਖੜਕਾਰੇ, ਗੜਗੜ ਗੜਕਦੇ।
ਇਓਂ ਕੂਕੇ ਗਏ, ਖਲ੍ਹਾਰੇ ਤੋਪਾਂ ਸਾਹਮਣੇ।
ਜਿਉਂ ਰਾਂਝੇ ਹੀਰ ਦੁਆਰੇ, ਤਲਬ ਦੀਦਾਰ ਦੀ।
ਜਿਉਂ ਬਣ ਠਣ ਰਾਜ ਦੁਲਾਰੇ, ਖੜੇ ਸਵੰਬਰੀਂ।
ਜਿਉਂ ਮੰਡੀ ਵਿਚ ਵਣਜਾਰੇ, ਸੌਦਾ ਮਾਰਦੇ।
ਸੀ ਭਾਵੇਂ ਸੌ ਹਤਿਆਰੇ, ਲਾਂਭੀ ਗਾਰਦਾਂ।
ਪਰ 'ਚਾਤਰ' ਮਰਦ ਮੁਨਾਰੇ ਰਤਾ ਨਾ ਡੋਲਦੇ।
ਦੇਹ ਤੂੰਬਿਆਂ ਵਾਂਗ ਉਡਾਈ ਤੋਪਾਂ ਚਲ ਕੇ।
ਪਰ ਮਰਦਾਂ ਅਣਖ ਵਿਖਾਈ ਆਣ ਕਮਾਲ ਦੀ।
ਨਾ ਅੱਖ ਜਰਾ ਝਮਕਾਈ, ਸ਼ੇਰਾਂ ਕੂਕਿਆਂ।
ਜਿੰਦ ਨਿਕਲੇ ਵਾਂਗ ਹਵਾਈ, ਜਾਵੇ ਅਰਸ਼ ਨੂੰ।
ਜਾ ਸੂਰਜ ਵਿਚ ਸਮਾਈ, ਕਾਰ ਜੁਆਨ ਦੀ।



Sri Satguru Jagjit Singh Ji Elibrary NamdhariElibrary@gmail.com

ਉਸ ਕਰ ਦਿਤੀ ਰੁਸ਼ਨਾਈ, ਸਾਰੇ ਦੇਸ਼ ਤੇ।
ਬਈ ਜਿਨ੍ਹਾਂ ਜਾਨ ਲੜਾਈ, ਫਰਜ਼ ਪਛਾਣ ਕੇ।
ਇਸ ਜਗ ਤੇ ਧੰਨ ਕਮਾਈ, ਚਾਤਰ ਉਨ੍ਹਾਂ ਦੀ।
ਇਕ ਕੂਕਾ ਹੈਸੀ ਆਇਆ, ਨੀਵੇਂ ਕੱਦ ਦਾ।
ਉਸ ਆਪੇ ਬੜਾ ਬਣਾਇਆ, ਇੱਟਾਂ ਜੋੜ ਕੇ।
ਰੰਗ ਹੋਇਆ ਦੂਣ ਸਵਾਇਆ, ਖਾਰੇ ਚੜ੍ਹਦਿਆਂ।
ਰਣ ਅੰਦਰ ਉਸਦੀ ਮਾਇਆ ਵੇਖੀ, ਸਾਰਿਆਂ।
ਜਿਨ ਲਾਹ ਕੇ ਸੀਸ ਟਿਕਾਇਆ, ਉਤੇ ਤਲੀ ਦੇ।
ਉਸ ਭੇਤ ਸਜਣ ਦਾ ਪਾਇਆ, ਆਸ਼ਕ ਮਰਦ ਨੇ।
ਪਰ ਉਹ ਵੀ ਸਫਨ ਸਫਾਇਆ, ਕੀਤਾ ਤੋਪ ਨੇ।
ਨਾ ਪਿਛੇ ਪੈਰ ਹਟਾਇਆ, 'ਚਾਤਰ' ਯਾਰ ਨੇ।

... ... ... ... ... ...

ਇਉਂ ਰਖ ਵਿਖਾਈ ਕੂਕਿਆਂ, ਕੁਲ ਆਲਮ ਜਾਣੇ।
ਸਭ ਤੋਪਾਂ ਹਿੱਕੀ ਝੱਲੀਆਂ, ਸਤਿਗੁਰ ਦੇ ਭਾਣੇ।
ਹੈ ਆਨ ਵਿਆਹੀ ਸੰਜੋਗਤਾ, ਵਿੰਹਦੇ ਰਹੇ ਰਾਣੇ।
ਉਨ੍ਹਾਂ ਅਣਖ ਪੁਗਾਈ ਆਖਰੀ, ਕਰ ਜ਼ਾਲਮ ਕਾਣੇ।
ਸੌ ਸੀਸ ਤਲੀ ਤੇ ਰੱਖਦੇ, ਜਗ ਪਾਪ ਮਿਟਾਣੇ।
ਇਹ 'ਚਾਤਰ' ਸਾਕੇ ਉਨ੍ਹਾਂ ਦੇ, ਨਾ ਹੋਣ ਪੁਰਾਣੇ।

... ... ... ... ... ... ...



Sri Satguru Jagjit Singh Ji Elibrary NamdhariElibrary@gmail.com

# ਚੀਨੀ

ਵਲੋਂ—ਭਾਈ ਸਾਹਿਬ ਸ: ਕ੍ਹਾਨ ਸਿੰਘ ਜੀ (ਨਾਭਾ)

ਛੋਟੀ ਉਮਰਾ ਵਿਚ ਬ੍ਰਿਜੇਸ਼ਵਰ,
ਸੋਹਣੀ ਮੂਰਤ ਚੀਨੀ [ਵੇਖੀ]
ਸਿਰ ਤੇ ਖੰਡਾ ਹਥ ਸਿਮਰਨੀ,
ਚੜ੍ਹਿਆ ਬਾਂਕੀ ਚੀਨੀ [ਘੋੜੀ]
ਜਿਸ ਦੇ ਵਚਨਾਂ ਅੰਮ੍ਰਿਤ ਅਗੇ,
ਫਿਕੀ ਲਗਦੀ ਚੀਨੀ [ਖੰਡ]
ਦਰਸਨ ਕਰਕੇ ਨੇਤ੍ਰ ਬਿਗਸਦੇ,
ਜਿਉਂ ਰਵਿ ਪਿਖ ਗੁਲ ਚੀਨੀ[ਫੁਲ]

ਵਲੋਂ—ਸੰਤ ਰਤਨ ਸਿੰਘ ਜੀ [ਕੂਕਾ] ਸੰਧਵਾਂ

ਮੇਰੀ ਖੁਲ ਗਈ ਅੱਖ ਅਵਾਜ਼ ਸੁਣਕੇ,
ਗੜਵਾ ਖੂਹ ਤੇ ਰਿਹਾ ਖੜਕਾ ਕੂਕਾ।
ਬਾਰੀ ਖੋਲ੍ਹਕੇ ਤੇ ਜਦੋਂ ਵੇਖਿਆ ਮੈਂ,
ਸਣੇ ਕੇਸਾਂ ਦੇ ਰਿਹਾ ਹੈ ਨਾਅ ਕੂਕਾ।
ਬਾਣੀ ਪੜ੍ਹੇ ਪ੍ਰੇਮ ਦੇ ਨਾਲ ਐਸੀ,
ਉੜਦੇ ਪੰਛੀਆਂ ਲਵੇ ਫਸਾ ਕੂਕਾ।
ਅਸੀਂ ਸੁਖ ਅਰਾਮ ਨਾਲ ਸੌਣ ਵਾਲੇ,
ਅਧੀ ਰਾਤ ਨੂੰ ਦੇਵੇ ਜਗਾ ਕੂਕਾ।
ਅਸੀਂ ਮਾਸ ਸ਼ਰਾਬ ਦੇ ਖਾਣ ਵਾਲੇ,
ਕਿਥੋਂ ਚੰਮੜੀ ਸਾਨੂੰ ਬਲਾ ਕੂਕਾ।



Sri Satguru Jagjit Singh Ji Elibrary NamdhariElibrary@gmail.com

ਇਹ ਤੇ ਨਾਲ ਨ ਕਿਸੇ ਦੇ ਲਗਦਾ ਏ,
ਰੋਟੀ ਵਖਰੀ ਲਵੇ ਪਕਾ ਕੂਕਾ।
ਵਟਾ ਕਰ ਨਹੀਂ ਪੁਤ ਵਿਔਣ ਦੇਂਦਾ,
ਧੀਆਂ ਪੁੰਨ ਹੀ ਦੇ ਪਰਨਾ ਕੂਕਾ।
ਜਦੋਂ ਦਸਦਾ ਭਜਨ ਜ਼ਨਾਨੀਆਂ ਨੂੰ,
ਟੰਟਾ ਟੂਬਾਂ ਦਾ ਦੇਵੇ ਮੁਕਾ ਕੂਕਾ।
ਲ੍ਹਾ ਕੇ ਰੰਗ ਬਰੰਗੜੇ ਫੂਕ ਦੇਵੇ,
ਚਿਟੇ ਕਪੜੇ ਦੇਵੇ ਪਵਾ ਕੂਕਾ।
ਜਦੋਂ ਕੰਨ ਵਿਚ ਫੂਕ ਇਹ ਮਾਰਦਾ ਏ,
ਦੇਵੇ ਦੁਨੀਆਂ ਦੀ ਹੋਸ਼ ਭੁਲਾ ਕੂਕਾ।
ਜਾਂ ਤੇ ਲਹੇ ਪਵੇ ਮਗਰੋਂ ਰਤਨ ਸਿੰਘਾ,
ਜਾਂ ਤੇ ਸਾਨੂੰ ਭੀ ਲਵੇ ਬਨਾ ਕੂਕਾ।



Sri Satguru Jagjit Singh Ji Elibrary NamdhariElibrary@gmail.com

# ਕਮਜ਼ੋਰ ਦਿਲ ਦਾ ਉਜਰ

ਚਾ ਆਂਵਦਾ ਏ ਬਨਾਂ ਸਿਖ ਮੈਂ ਭੀ;
ਝੱਕੇ ਦਿਲ ਇਹ ਭਾਰ ਉਠਾਨ ਔਖਾ।
ਕੇਸ ਸਾਂਭਣੇ ਫੇਰਨਾਂ ਨਿਤ ਕੰਘਾ,
ਕੜਾ ਕਛ ਕਿਰਪਾਨ ਨਿਭਾਨ ਔਖਾ।
ਠੱਕੇ ਠੰਡ ਸਿਆਲ ਵਿਚ ਸਣੇ ਕੇਸੀਂ,
ਧਮੀਂ ਉਠ ਕੇ ਕਰਨ ਇਸ਼ਨਾਨ ਔਖਾ।
ਕਰ ਕੰਠ ਬਾਣੀ ਨਿਤ ਨੇਮ ਕਰਨਾਂ,
ਮਾਲਾ ਫੇਰਨੀ ਜੀਭ ਹਿਲਾਨ ਔਖਾ।
ਧੀ ਭੈਣ ਨੂੰ ਵੇਚ ਨ ਦੰਮ ਲੈਣੇ,
ਝੱਕ ਵਟਿਉਂ ਪੁਤ ਅਜਕਾਂਨ ਔਖਾ।
ਵਾਹਣੀ ਮਝ ਨ ਵੇਚਨਾਂ ਪਸ਼ੂ ਮੋਇਆ,
ਬਿਨਾਂ ਕਰੇ ਖੱਸੀ ਵਹਿੜ ਵਾਨ੍ਹ ਔਖਾ।
ਆਈ ਮੂਰਤੀ ਨੂੰ ਕਹੇ ਜਿਊ ਆਇਆਂ,
ਹਥ ਬੰਨ ਕੇ ਸੀਸ ਨਿਵਾਨ ਔਖਾ।
ਗਊ ਗ੍ਰੀਬ ਦਾ ਦੁਖ ਵੰਡਾਨ ਔਖਾ,
ਦੇਸ ਦੇ ਵਾਸਤੇ ਹੋਣ ਕੁਰਬਾਨ ਔਖਾ।
ਛਡ ਸਾਕ ਸਨਬੰਧ ਬ੍ਰਾਦਰੀ ਨੂੰ,
ਅੱਡ ਆਪਣਾ ਖਾਣ ਪਕਾਨ ਔਖਾ।
ਔਖੇ ਜੀਬ ਦੇ ਬੰਦ ਸੁਵਾਦ ਕਰਨੇਂ,
ਮੂੰਹ ਮੇਲੀਆਂ ਵਲੋਂ ਭਵਾਨ ਔਖਾ।
ਔਖਾ ਮਨ ਅਮੋੜ ਨੂੰ ਵੱਸ ਕਰਨਾਂ,
ਪਈਆਂ ਵਾਦੀਆ ਦਾ ਝੱਸ ਜਾਨ ਔਖਾ।



Sri Satguru Jagjit Singh Ji Elibrary NamdhariElibrary@gmail.com

ਇਹੋ ਸੋਚ ਸੋਚਾਂ ਨਿਤ ਤਰਨ ਸਿੰਘਾ,
ਹੋਵਾਂ ਸਿਖ ਨ ਸਿਖ ਸਦਵਾਨ ਔਖਾ।

## ਤਾਰਨ ਆਏ

ਸਦਾ ਮਾਤ ਕੇ ਜਗਤ ਸਦਾ ਜੋਸ਼ ਕੇ,
ਜਸਾ ਸਿੰਘ ਗੁਹਿ ਜੋਸ਼ ਕਾਰਨ ਆਏ।
ਕੁਲ ਕਾਰੀਗਰਾਂ ਕੁੱਲ ਕਾਰੀਗਰਾਂ,
ਪੁਲ ਭਾਰੀ ਸਰਾਂ ਕਾ ਦਿਖਾਰਨ ਆਏ।
ਅਸਵਾਰ ਚੀਨੀ ਅਸਵਾਰ . ਦੀਨੀ,
ਰਸ ਪਿਆਰ ਭੀਨੀ ਕਰ ਧਾਰਨ ਆਏ।
ਅੰਤ ਸੀਤ ਬਸੰਤ ਲੇ ਕੰਤ ਵਹਿਮੀ,
ਜਨ ਸੰਤ ਭਨੋਂ ਜਗ ਤਾਰਨ ਆਏ।

ਹੁੰਦੇ ਨ ਗੁਰੂ ਗੋਬਿੰਦ ਸਿੰਘ ਹਿੰਦ ਨਾਸ ਹੁੰਦੀ,
ਗੁਰੂ ਰਾਮ ਸਿੰਘ ਬਿਨਾਂ ਸਿੱਖੀ ਮਿਟ ਚੱਲੀ ਸੀ।
ਬਾਈ ਸੂਬੇ ਗੁਰਾਂ ਥਾਪੇ ਨਾਮ ਉਹਨਾਂ ਨਿਤ ਗੁਰੂ,
ਸ਼ੁਰੂ ਉਪਦੇਸ਼ ਉਹਨਾਂ ਕੀਤਾ ਕਾਰ ਹੱਲੀ ਸੀ।
ਸਾਧਾਂ ਮਿਲ ਸਾਧ ਹੋਏ ਜੂਨਾਂ ਤੋਂ ਅਜਾਦ ਹੋਏ,
ਸੰਤਾਂ ਗੁਰਾਂ ਮਿਲੇ ਸਾਇਤ ਜਿਨਾਂ ਦੀ ਸੁਵੱਲੀ ਸੀ।
ਨਾਨਕ ਗੁਰੂ ਨੂੰ ਨਹੀਂ ਸੀ ਮੰਨਦੇ ਤਰਨ ਸਿੰਘਾ,
ਹੁਣ ਵਾਂਗੂੰ ਆਪਣੀ ਜਿੰਨਾਂ ਦੀ ਮਤ ਝੱਲੀ ਸੀ।



Sri Satguru Jagjit Singh Ji Elibrary NamdhariElibrary@gmail.com

## ਵਹਿਮੀ ਨੂੰ ਹੈ ਵਹਿਮ ਪਿਆ ਗੁਰ ਇਤਿਹਾਸ ਦਾ

ਕਿਸੇ ਨੂੰ ਵਹਿਮ ਕਾਰੋਬਾਰ ਨਾਰ ਪੁਤਰਾਂ ਦਾ,
ਕਿਸੇ ਨੂੰ ਹੈ ਵਹਿਮ ਚੌੜ ਇਜ਼ਤ ਕਿਆਸ ਦਾ।
ਕਿਸੇ ਨੂੰ ਹੈ ਵਹਿਮ ਵਾਧੂ ਗਲਾਂ ਸੁਨਣ ਕਰਨ ਦਾ ਹੀ,
ਕਿਸੇ ਨੂੰ ਹੈ ਵਹਿਮ ਮੈਥੋਂ ਵਧ ਜਾਇ ਨ ਪਾਸ ਦਾ।
ਕਿਸੇ ਨੂੰ ਹੈ ਵਹਿਮ ਮੇਰੀ ਮਾਇਆ ਪਾਇਆਂ ਹੋਰ ਹੋਵੇ,
ਕਿਸੇ ਨੂੰ ਹੈ ਵਹਿਮ ਖਾਣ ਖੇਡਨ ਲਿਬਾਸ ਦਾ।
ਇਕ ਇਕ ਵਹਿਮ ਚਿ ਰੁਝੀ ਸਾਰੀ ਦੁਨੀਆਂ ਜਿਉਂ,
ਵਹਿਮੀ ਨੂੰ ਹੈ ਵਹਿਮ ਨਾਮਧਾਰੀ ਇਤਿਹਾਸ ਦਾ।

ਅੱਵਲ ਤਾਂ ਆਦਿ ਗੁਰੋਂ ਤੱਕ ਦਸਮੇਸ਼ ਆਸ਼ਾ,
ਸ਼ਕੀ ਇਤਿਹਾਸ ਸਾਖੀ ਪੰਥ ‡ਪ੍ਰਕਾਸ਼ ਦਾ।
ਪਰ ਅੰਗਰੇਜ਼ ਆਖੇ ਸਗੋਂ ਸਿੰਘ ਸਭੀਆਂ ਨੇ,
ਬੀੜਾ ਚੁਕ ਲਿਆ ਉਕਾ ਸਤਿਆ ਹੀ ਨਾਸ ਦਾ।
'ਸਦ ਪੀੜੀ ਗੁਰੂ ਚਲੰਦੀ' ਗੁਰ ਵਾਕ ਰੱਦ,
ਦੋਹਿਰੇ ਲਿਖ ਘਾਤ ਕੀਤਾ ਸਿਖੀ ਵਿਸਵਾਸ਼ ਦਾ।
ਐਸੇ ਹੋਏ ਅਨਰਥ ਵੇਖ, ਪੜ ਸਚੀ ਗੁਰਬਾਣੀ,
'ਵਹਿਮੀ' ਨੂੰ ਹੈ ਵਹਿਮ ਪਿਆ ਗੁਰ ਇਤਿਹਾਸ ਦਾ।

## ਚੁਟਕੀ

ਹਿੰਮਤ ਮਰਦਾਂ ਦੀ ਫਤੇ ਹੈ ਪਾਂਦੀ।
ਆਲਸੀਆਂ ਦੀ ਰਹੇ ਹਾਲਤ ਮਾਂਦੀ।

---

‡ਹੋਰ ਸਭ ਸੂਰਜ ਪ੍ਰਕਾਸ਼ ਆਦਿ ਵਿਚੇ ਆ ਜਾਂਦੇ ਹਨ।



Sri Satguru Jagjit Singh Ji Elibrary NamdhariElibrary@gmail.com

## ਸੇਵਾ ਕਰਦਿਆਂ ਜਨਮ ਬਿਤਾਏ ਜਿੰਨ੍ਹਾਂ

(ਸੰਤ ਸਾਧੂ ਸਿੰਘ ਜੀ 'ਕਿਸਾਨ' ਪਿੰਡ ਰਾਮਪੁਰ)

੯ ਜੇਠ ਨੂੰ ਸ੍ਰੀ ਮਾਨ ਭਾਈ ਵਜੀਰ ਸਿੰਘ ਜੀ ਅਤੇ ਯੋਗੀ ਰਾਜ ਸੰਤ ਪ੍ਰੀਤਮ ਸਿੰਘ ਜੀ ਚਲੇ ਕੇ ਨਵਿਤ ਅੰਤਮ-ਭੋਗਾਂ ਦੇ ਸਮੇਂ ਹੋਏ ਕਵੀ ਦਰਬਾਰ ਵਿਚ ਸਨਮਾਨੀਆਂ ਸਲਾਹੀਆਂ ਗਈਆਂ ਦੋ ਕਵਿਤਾਵਾਂ।———ਸੰਪਾਦਕ

ਲਛਮਣ ਰਾਮ ਜੀ ਨਾਲ ਪਿਆਰ ਪਿਛੇ,
ਚੌਦਾਂ ਸਾਲ ਬਨਵਾਸ ਗੁਜ਼ਾਰ ਦਿੱਤੇ।
ਨਾਰ ਸੱਜ ਵਿਆਹੀ ਤੇ ਐਸ਼ ਇਸ਼ਰਤ,
ਆਖਰ ਕਾਰ ਪਰਾਨ ਵੀ ਵਾਰ ਦਿਤੇ।
ਧੰਨੇ ਜੱਟ ਨੇ ਚਾੜ੍ਹ ਕੇ ਤੋੜ ਯਾਰੀ,
ਬੇੜੇ ਜੱਟਾਂ ਦੇ ਕਰ ਨੇ ਪਾਰ ਦਿੱਤੇ।
ਬਿਧੀ ਚੰਦ ਨੇ ਸੋਢੀ ਸੁਲਤਾਨ ਬਦਲੇ,
ਘੋੜੇ ਸਿੱਧੇ ਦਰਿਆ ਚੋਂ ਤਾਰ ਦਿੱਤੇ।
ਚੇਤਾ ਆਉਂਦਾ ਏ ਭਾਈ ਘਨ੍ਹਈਏ ਜੀ ਦਾ,
ਚੁਗਲ ਖੋਰਾਂ ਦੇ ਮੂੰਹ ਭੁਵਾਏ ਜਿੰਨ੍ਹਾਂ।
(ਪਰ)ਤੂੰ ਸਿਰਤਾਜ ਏਂ ਸੇਵਕਾਂ ਸਾਰਿਆਂ ਦਾ,
ਸੇਵਾ ਕਰਦਿਆਂ ਜਨਮ ਬਿਤਾਏ ਜਿੰਨ੍ਹਾਂ।
ਐ ਵਜੀਰੇ ਖੁਦਾ, ਐ ਭਾਈ ਖਲਕਤ,
ਸਾਡੇ ਜ਼ਖਮ ਨੂੰ ਫੇਰ ਦੁਖਾ ਗਿਆ ਏਂ ਤੂੰ।



Sri Satguru Jagjit Singh Ji Elibrary NamdhariElibrary@gmail.com

ਮਸਾਂ ਮਸਾਂ ਸਨ ਆਉਣ ਖਰੀਂਢ ਲਗੇ,
ਨਸ਼ਤਰ ਹੋਰ ਇਕਹਿਜ਼ਰ ਦੀ ਲਾ ਗਿਐਂ ਤੂੰ।
ਅੱਧਾ ਪਹਿਰ ਨ ਯਾਰੀਆਂ ਰਹਿੰਦੀਆਂ ਨੇ,
ਅੱਧੀ ਸਦੀ ਨਿਰਵਿਘਨ ਨਿਭਾ ਗਿਐਂ ਤੂੰ।
ਵੇਖ ਵਿਲਕਦਾ ਰਤਨ ਅਨਮੋਲ ਤੇਰਾ,
ਜਿਨ੍ਹੂੰ ਤੀਰ ਜੁਦਾਈ ਦੇ ਲਾ ਗਿਐਂ ਤੂੰ।
ਫੁਰਨਾਂ ਪਾਤਸ਼ਾਹ ਦੇ ਆਉਣਾ ਚਿੱਤ ਜਿਹੜਾ,
ਬਿਨਾਂ ਆਖਿਆਂ ਕੰਮ ਭੁਗਤਾਏ ਜਿੰਨ੍ਹਾਂ।
ਤੇਰੇ ਜਹੇ 'ਦੋਸਤ-ਸੇਵਕ', ਨਹੀਂ ਮਿਲਦੇ,
ਸੇਵਾ ਕਰਦਿਆਂ ਜਨਮ ਬਿਤਾਏ ਜਿੰਨਾਂ।
ਆਤਮ ਗਿਆ ਤੇ ਆਤਮੇ ਝੂਣ ਖਾਧੀ,
ਆਲਮ ਗਿਆ ਤੇ ਇਲਮ ਜ਼ਵਾਲ ਹੋਇਆ।
ਡਿੱਗਾ ਅਤਰ ਖੁਸ਼ਬੋ ਦੀ ਘਾਟ ਪੈ ਗਈ,
ਦਇਆ ਜਾਂਦਿਆਂ ਖਿਮਾਂ ਦਾ ਕਾਲ ਹੋਇਆ।
ਭੂਰੀ ਵਾਲੇ ਨੇ ਬੁਕਲਾਂ ਮਾਰੀਆਂ ਜਾਂ,
ਸਾਰੇ ਪੰਥ ਦੇ ਵਿਚ ਭੁਚਾਲ ਹੋਇਆ।
ਮੁਰਲੀ ਕਾਂਨ੍ਹ ਦੀ ਵਾਜ ਗਿਆਨ ਦੀ ਸੀ,
ਕੀਤੀ ਚੁਪ ਤੇ ਵਾਰਾ ਬੇਹਾਲ ਹੋਇਆ।
ਵਡੇ ਸੰਤਾਂ ਤੋਂ ਘਾਟਾ ਵੀ ਪਿਆ ਵਡਾ,
ਕੂਚ ਪਿਆਰੇ ਤੋਂ ਪਹਿਲਾਂ ਬੁਲਾਏ ਜਿੰਨ੍ਹਾਂ।
ਕੱਠੇ, ਪ੍ਰੀਤਮ ਵਜੀਰ ਨੇ ਵਿਦਾ ਲੀਤੀ,
ਸੇਵਾ ਕਰਦਿਆਂ ਜਨਮ ਬਿਤਾਏ ਜਿੰਨ੍ਹਾਂ।



Sri Satguru Jagjit Singh Ji Elibrary NamdhariElibrary@gmail.com

ਨੰਦ ਲਾਲ ਲਿਖੀਆਂ ਅਸਾਂ ਵੇਖੀਆਂ ਨੇ,
ਦਰਦੇ ਜਿਗਰ ਦੀਆਂ ਨੌਂਨਿਸ਼ਾਨੀਆਂ ਨੇ।
ਠੰਢੇ ਸਾਹ ਤੇ ਰੰਗ ਵਿਸਾਰ ਵਰਗਾ,
ਅਖਾਂ ਹਿਜਰ ਖੁਮਾਰ ਮਸਤਾਨੀਆਂ ਨੇ।
ਕੂਣ ਸਹਿਣ ਥੋੜਾ ਖਾਣ ਪੀਣ ਥੋੜਾਂ,
ਮਾਰ ਛੱਡੀਆਂ ਨੀਂਦ ਨੂੰ ਕਾਨੀਆਂ ਨੇ।
ਹਰ ਵੇਲੇ ਉਡੀਕ ਤੇ ਤੜਪਣੀ ਵੀ,
ਬੇ ਅਰਾਮੀਆਂ ਰਹਿਣ ਲਾਸਾਨੀਆਂ ਨੇ।
ਸਭੇ ਚੀਜ਼ਾਂ ਪਰਾਣਾਂ ਤੋਂ ਵੱਧ ਕਰਕੇ,
ਨਾਲ ਸੀਨੇ ਦੇ ਰਖੀਆਂ ਲਾਏ ਜਿਨ੍ਹਾਂ।
ਅਜ ਮੇਲਾ ਏ ਉਹਨਾਂ ਦੀ ਯਾਦ ਅੰਦਰ,
ਸੇਵਾ ਕਰਦਿਆਂ ਜਨਮ ਬਿਤਾਏ ਜਿਨ੍ਹਾਂ।

[ਮਾ: ਅਮਰੀਕ ਸਿੰਘ ਜੀ ਅਮਰਾਸਰ]

ਮਿਲਕੇ ਦੁਧ ਪਾਣੀ ਜਿਉਂ ਇਕ ਜਾਨ ਹੁੰਦਾ,
ਤਿਵੇਂ ਭਾਈ ਜੀ ਰਚੇ ਸਨ ਨਾਲ ਮਾਹੀ।
ਹਨੂੰਮਾਨ ਵਾਂਗੂ ਸਭ ਕੁਝ ਰਾਮ ਜਾਤਾ,
ਸਾਰੇ ਜਗ ਨੂੰ ਸਮਝਿਆ ਜਾਲ ਫਾਹੀ।
ਸੇਵਾ ਪਿਆਰ ਦੀ ਬੀਤੇ ਇਤਹਾਸ ਵਿਚੋਂ,
ਮਿਲੀ ਨਹੀਂ ਜੋ ਲੈਣੀ ਮਿਸਾਲ ਚਾਹੀ।
ਕਿਸੇ ਰਾਜ ਦਾ ਹੋਵੇ ਵਜੀਰ ਐਸਾ,
ਹਰ ਇਕ ਗੁਣ ਜਹਾਨ ਦੀ ਭਾਲ ਗਾਹੀ।



Sri Satguru Jagjit Singh Ji Elibrary NamdhariElibrary@gmail.com

ਉਹਨਾਂ ਨੈਣਾਂ ਨੇ ਹੋਰ ਕੁਝ ਤਕਿਆ ਨਹੀਂ,
ਸੱਚੇ ਸਤਿਗੁਰੂ ਨਾਲ ਮਿਲਾਏ ਜਿੰਨ੍ਹਾਂ।
ਏਥੇ ਸੁਖੀ ਪਰਲੋਕ ਵਿਚ ਸੁਰਖਰੂ ਨੇ,
ਸੇਵਾ ਕਰਦਿਆਂ ਜਨਮ ਬਿਤਾਸੇ ਜਿੰਨ੍ਹਾਂ।
ਤੁਰੇ ਬਾਦਸ਼ਾਹ ਦੂਰ ਦੇ ਦੌਰਿਆਂ ਤੇ,
ਨਾਲ ਸੱਭੇ ਅਮੀਰ ਵਜ਼ੀਰ ਚੱਲੇ।
ਵੱਡੇ ਵੱਡੇ ਮਹਾਤਮਾ ਮਗਰ ਉਹਦੇ,
ਵੇਖੋ ਜੱਗ ਤੋਂ ਘੱਤ ਵਹੀਰ ਚੱਲੇ।
ਪਹਿਲਾਂ ਘੱਲ ਕੇ ਕਈਆਂ ਨੂੰ ਆਪ ਤੁਰ ਗਏ,
ਜਿੰਨ੍ਹਾਂ ਬਾਝ ਹੋ ਅਸੀਂ ਬੇਪੀਰ ਚੱਲੇ।
ਸੀਨਾ ਪੰਥ ਦਾ ਵਿੰਨ੍ਹਿਆਂ ਫੋਲ ਵੇਖੋ,
ਕਿੰਨੇ ਕਾਲ ਦੇ ਏਸ ਤੇ ਤੀਰ ਚੱਲੇ।
ਹਿਰਦਾ ਛਲਕਦੈ ਉਹਨਾਂ ਦੀ ਯਾਦ ਕਰਕੇ,
ਪਿਆਰ ਛਾਵੇਂ ਦੋ ਝੱਟ ਲੰਘਾਏ ਜਿੰਨ੍ਹਾਂ।
ਗਉਂਦੀ ਰਹੇਗੀ ਜਸ 'ਅਮਰੀਕ' ਦੁਨੀਆਂ,
ਸੇਵਾ ਕਰਦਿਆਂ ਜਨਮ ਬਿਤਾਏ ਜਿੰਨ੍ਹਾਂ।



Sri Satguru Jagjit Singh Ji Elibrary NamdhariElibrary@gmail.com

ਸਤਜੀਤ ਸਿੰਘ ਪੁਸਤਕਾਲਯ
ਪੁਸਤਕ ਨੰ. ............
ਮਿਤੀ ............
ਸ੍ਰੀ ਭੈਣੀ ਸਾਹਿਬ

# ਸ਼ੁਧੀ ਪਤ੍ਰ

ਥੋੜਾਂ ਭੇਦ ਪਾਠਕਾਂ ਦੀ ਸੂਝ ਤੇ ਰਹਿਣ ਦੇਂਦੇ ਹਾਂ। ਜੇ ਕਿਤੇ ਅਖਰ ਲਗ ਮਾਤ੍ਰ ਦਾ ਘਟਾ ਵਧਾ ਤੇ ਕੱਠਾ ਜਾਂ ਹੋਰ ਹੋਣਾਂ। ਜਿਹਾ ਕਿ ਸੋਂਪ ਸੌਪ ਹਿਰ ਸਿਰ ਨਾਥ ਨਾਲ ਸੌਬੀ ਸੌਪੀ ਕਾਨ ਕ੍ਹਾਂਨ ਹਿਰਲ ਹੀ ਰਲ ਖੁਢਾ ਖੂੰਢਾ ਆਦ ਹਨ।

| ਪੰਨਾ | | ਪਾਲ | ਅਸ਼ੁਧ | ਸ਼ੁਧ |
|---|---|---|---|---|
| ੧੧ | | ੩ | ਠੀਕ | ਨੀਕ |
| ੨੧ | | ੨ | ਸੋਪ | ਸੌਪ |
| ੩੭ | | ੪ | ਖੁਢਾ | ਖੂੰਢਾ |
| ੪੩ | ਤਲਿਉ | ੨ | ਮਿਲ | ਮਿਲੇ |
| ੪੮ | | ੨ | ਮਹਰ | ਮਿਹਰ |
| ੫੧ | | ੧੩ | ਰਾਲ | ਹਾਨ |
| ,, | | ੧੬ | ਜੋਤ | ਜੰਤ |
| ੫੭ | | ੧੦ | ਰੰਗਿਆ | ਰੰਗਿਆਂ |
| ੬੦ | | ੫ | ਮਨੁਖ | ਮਨੁਜ |
| ੬੧ | | ੧੮ | ਦਹਾਂ | ਦੋਹਾਂ |
| ੬੩ | | ੬ | ੜਭੌਤ | ਤ੍ਰੁਭੌਤ |
| ੬੪ | | ੩ | ਤੇੜਾ | ਤੈਂਡਾ |



Sri Satguru Jagjit Singh Ji Elibrary NamdhariElibrary@gmail.com

| | | | | |
|---|---|---|---|---|
| ੬੬ | ਤਲਿਉ | ੨ | ਵਹਿਮੀ | ਵਹਿਮ |
| ੬੮ | | ੧੭ | ਜਗਤ | ਜਤ਼ਤ |
| ੬੯ | | ੪ | ਰਿਤ | ਚਿਤ |
| ੭੧ | | ੭ | ਸਾਕਤਾ | ਸਾਕ ਭਾ |
| ੭੫ | ਤਲੇ ਦੀ | ੧ | ਤੋਪਦੀ | ਤੋਪਚੀ |
| ੮੮ | | ੧ | ਕੈਂਡਾ | ਤੈਂਡਾ |
| ,, | | ੧੯ | ਅਨਮੋਲਾ | ਅਨਮੋਲਾ |
| ੯੧ | | ੮ | ਸਿਰਾਂ | ਸਿਰ |
| ੧੦੧ | | ੧੯ | ਵਜੋਂ | ਵਲੋਂ |
| ੧੦੮ | | ੨ | ਆਸ਼ਾਕ | ਆਸ਼ਕ |
| ੧੧੯ | | ੧੭ | ਦਾਂ | ਦਾ |
| ੧੩੧ | | ੫ | ਪਾਂਦ | ਪਾਂਦੇ |
| ੧੩੬ | | ੧੬ | ਹੁੰਦੀ | ਹੂੰਦੀ |



Sri Satguru Jagjit Singh Ji Elibrary NamdhariElibrary@gmail.com

ਪ੍ਰਿੰਟਰ–ਸ: ਦਲੀਪ ਸਿੰਘ
ਪ੍ਰਭਜੋਤ ਪ੍ਰਿੰਟਿੰਗ ਪਰੈਸ,
ਬਹਾਦਰ ਨਗਰ ਅੰਮ੍ਰਿਤਸਰ
ਵਿਚ ਛਪੀ ।

Sri Satguru Jagjit Singh Ji Elibrary NamdhariElibrary@gmail.com